S T & A Simpson, Thomas & Associates
TRIAL LAWYERS

CELEBRATING 50 YEARS
*"The name that you know and trust"*

"Simpson, Thomas & Associates are a legal dream team. No other law firm could have fought this claim as it takes a lot of resources to fight a case of this nature."
– Former client commenting on the Jago wedding tragedy

# B.C.'s Pioneering Law Firm for Motor Vehicle Cases

For over 50 years Simpson, Thomas & Associates (formerly Simpson & Company) have been advocates for victims seeking justice.

A+ Rated BBB ACCREDITED BUSINESS

"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."
– B.Sekhon

Our history of successfully settling ICBC claims has garnered respect from our clients, and within the legal and rehabilitation communities in B.C.



Adam Ueland
LAWYER

- Brain Injury
- Paraplegia
- Quadriplegia
- Spinal Cord Injury

**Translation Services Available**
STA has support staff fluent in Punjabi, Hindi and Gujarati.

**Your Needs Come First**
If mobility is a challenge, we can come to you.

**Call Adam on 604-689-8888 to set up a complimentary consultation or visit our website at simpsonthomas.com**

We have offices in Vancouver, Surrey/Delta, Abbotsford* and Burnaby.*
*By appointment only

Caring. Compassionate. Community-Focussed.

**ACCOUNTANT**
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC

AXIO Accounting + Tax
LAKHJIT S. SARANG
604-613-9100



PUNJAB LINK
# ਪੰਜਾਬ ਲਿੰਕ
WEEKLY NEWSPAPER VOL. : 09 ISSUE : 12 SATURDAY, 20 MARCH, 2021
www.punjablinkpaper.com 604-503-5465



Harbir Kaur Deol
Notary Public

- Statutory Declarations
- Travel Consent Letters
- Power of Attorney
- Invitation Letters
- Sales & Purchase
- Family Transfer
- Wills & Estate
- Refinancing
- Affidavits

604.503.3060
#110 - 13049 76th Ave., Surrey
BC Notaries info@deolnotary.com


## ਸੁਖਬੀਰ ਸਿੰਘ ਬਾਦਲ ਕੋਰੋਨਾ ਕਾਰਣ ਹਸਪਤਾਲ ਦਾਖਲ

### ਪਰਕਾਸ਼ ਸਿੰਘ ਬਾਦਲ ਦੀ ਰਿਪੋਰਟ ਨੈਗੇਟਿਵ



ਲੰਬੀ-ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਕਰੋਨਾ ਰਿਪੋਰਟ ਪਾਜੇਟਿਵ ਆਉਣ ਉਪਰੰਤ ਉਹ ਵੇਦਾਂਤਾ ਹਸਪਤਾਲ ਦਿੱਲੀ ਦਾਖਲ ਹੋ ਗਏ ਹਨ। ਇਸੇ ਦੌਰਾਨ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਆਪਣੀ ਕਰੋਨਾ ਰਿਪੋਰਟ ਨੈਗੇਟਿਵ ਆਈ ਹੈ । ਉਹ ਵੀ ਦਿੱਲੀ ਚਲੇ ਗਏ ਹਨ ਤੇ ਉੱਥੇ ਉਹ ਅਗਲੇ ਕੁਝ ਦਿਨਾਂ ਲਈ ਇਕਾਂਤਵਾਸ ਤਹਿਤ ਇੱਕ ਨਿੱਜੀ ਹੋਟਲ ਵਿੱਚ ਠਹਿਰਨਗੇ। ਜ਼ਿਕਰਯੋਗ ਹੈ ਕਿ ਮੰਗਲਵਾਰ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਕਰੋਨਾ ਰਿਪੋਰਟ ਪਾਜ਼ੇਟਿਵ ਆਉਣ ਮਗਰੋਂ ਬਾਦਲ ਪਰਿਵਾਰ ਦੀ ਰਿਹਾਇਸ਼ ਦਾ ਰਸੋਈ ਦਾ ਮੁਖੀ, ਉਸ ਦਾ ਲੜਕਾ ਅਤੇ ਇੱਕ ਸਫ਼ਾਈ ਸੇਵਕ ਵੀ ਕਰੋਨਾ ਪੀੜਤ ਪਾਏ ਗਏ ਸਨ। ਇਸੇ ਦੌਰਾਨ ਗੁੜਗਾਓਂ ਦੇ ਮੇਦਾਂਤਾ ਹਸਪਤਾਲ 'ਚ ਸੁਖਬੀਰ ਸਿੰਘ ਬਾਦਲ ਦੀ ਹਾਲਤ ਠੀਕ ਦੱਸੀ ਜਾ ਰਹੀ ਹੈ।

# ਕੇਂਦਰ ਅੜੀਅਲ ਵਤੀਰੇ ਛੱਡਕੇ ਕਿਸਾਨਾਂ ਨਾਲ ਮੁੜ ਗੱਲਬਾਤ ਕਰੇ-ਕੈਪਟਨ

### ਫ਼ਸਲਾਂ ਦੀ ਸਿੱਧੀ ਅਦਾਇਗੀ ਲਈ ਢੰਗ ਤਰੀਕੇ ਦਾ ਵੀ ਵਿਰੋਧ



ਚੰਡੀਗੜ੍ਹ-ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਨੂੰ ਤਿੰਨੋਂ ਵਿਵਾਦਿਤ ਖੇਤੀ ਕਾਨੂੰਨ ਰੱਦ ਕਰਨ ਦੀ ਮੁੜ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਆਪਣੀ ਅੜੀਅਲ ਵਤੀਰਾ ਛੱਡ ਕੇ ਕਿਸਾਨਾਂ ਨਾਲ ਮੁੜ ਗੱਲਬਾਤ ਕਰੇ। ਉਨ੍ਹਾਂ ਪੰਜਾਬ ਅਸੈਂਬਲੀ ਵਿੱਚ ਪਾਸ ਖੇਤੀ ਸੋਧ ਬਿੱਲਾਂ ਨੂੰ ਰਾਸ਼ਟਰਪਤੀ ਵੱਲੋਂ ਪ੍ਰਵਾਨ ਨਾ ਕੀਤੇ ਜਾਣ ਦੀ ਸੂਰਤ 'ਚ ਸੁਪਰੀਮ ਕੋਰਟ ਦਾ ਰੁਖ਼ ਕਰਨ ਦੀ ਚੇਤਾਵਨੀ ਵੀ ਦਿੱਤੀ। ਉਨ੍ਹਾਂ ਕਿਸਾਨਾਂ ਨੂੰ ਜਿਣਸਾਂ ਦੀ ਸਿੱਧੀ ਅਦਾਇਗੀ ਦੇ ਨਵੇਂ ਢੰਗ ਤਰੀਕੇ ਦਾ ਵੀ ਵਿਰੋਧ ਕੀਤਾ। ਆਪਣੀ ਸਰਕਾਰ ਦੇ ਚਾਰ ਵਰ੍ਹਿਆਂ ਦਾ ਰਿਪੋਰਟ ਕਾਰਡ ਪੰਜਾਬ ਦੇ ਲੋਕਾਂ ਸਨਮੁਖ ਰੱਖਦਿਆਂ ਮੁੱਖ ਮੰਤਰੀ ਨੇ ਪ੍ਰਣ ਕੀਤਾ ਕਿ ਉਹ ਸਾਲ 2017 ਵਿੱਚ ਕੀਤੇ ਚੋਣ ਵਾਅਦੇ ਪੂਰੇ ਕਰਨ ਮਗਰੋਂ ਹੀ ਅਗਲੀਆਂ ਚੋਣਾਂ 'ਚ ਲੋਕਾਂ ਕੋਲ ਜਾਣਗੇ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਸਰਕਾਰ ਨੇ 85 ਫੀਸਦੀ ਤੋਂ ਵੱਧ ਚੋਣ ਵਾਅਦੇ ਪੂਰੇ ਕਰਕੇ ਆਂਧਰਾ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਚੰਦਰ ਬਾਬੂ ਨਾਇਡੂ ਦਾ 81 ਫੀਸਦੀ ਵਾਅਦੇ ਪੂਰੇ ਕਰਨ ਦਾ ਰਿਕਾਰਡ ਤੋੜ ਦਿੱਤਾ ਹੈ। ਉਨ੍ਹਾਂ ਸਾਰੇ ਕਿਸਾਨਾਂ ਦੀ ਕਰਜ਼ਾ ਮੁਆਫੀ ਅਤੇ ਬੇਰੁਜ਼ਗਾਰੀ ਭੱਤਾ ਆਦਿ ਜਿਹੇ ਮੁੱਦਿਆਂ ਦੀ ਮੁਕੰਮਲ ਪੂਰਤੀ ਨਾ ਕਰਨ ਪਿੱਛੇ ਕੋਵਿਡ ਮਹਾਮਾਰੀ ਨੂੰ ਢਾਲ ਵਜੋਂ ਵਰਤਿਆ। ਉਨ੍ਹਾਂ ਕਿਹਾ ਕਿ ਵਿੱਤੀ ਅੜਿੱਕਿਆਂ ਕਰ ਕੇ ਅਜਿਹਾ ਹੋਇਆ ਹੈ, ਪਰ ਹੁਣ ਆਰਥਿਕ ਸਥਿਤੀ ਸੰਭਲਣ ਲੱਗੀ ਹੈ ਤੇ ਛੇਤੀ ਹੀ ਬਕਾਇਆ ਵਾਅਦੇ ਵੀ ਪੂਰੇ ਕਰ ਦਿੱਤੇ ਜਾਣਗੇ। ਮੁੱਖ ਮੰਤਰੀ ਨੇ ਆਪਣੀ ਸਰਕਾਰ ਦੀ ਕਾਰਗੁਜ਼ਾਰੀ ਰਿਪੋਰਟ ਪੇਸ਼ ਕਰਨ ਮੌਕੇ ਦੱਸਿਆ ਕਿ 5.64 ਲੱਖ ਕਿਸਾਨਾਂ ਦਾ ਕਰਜ਼ਾ ਮੁਆਫ਼ ਕੀਤਾ ਜਾ ਚੁੱਕਾ ਹੈ ਜਦੋਂਕਿ ਖੇਤ ਮਜ਼ਦੂਰਾਂ ਦਾ ਕਰਜ਼ਾ ਮੁਆਫ਼ ਕੀਤਾ ਜਾ ਰਿਹਾ ਹੈ। ਕੈਪਟਨ ਨੇ ਪੰਜਾਬ ਦੀ ਖੇਤੀ ਨੀਤੀ, ਕੀਮਤ ਸਥਿਰਤਾ ਫੰਡ ਬਿੱਲ ਅਤੇ ਖੇਤੀ ਸੁਧਾਰਾਂ ਲਈ ਸੂਬਾ ਸਰਕਾਰ ਵੱਲੋਂ ਚੁੱਕੇ ਕਦਮਾਂ ਬਾਰੇ ਕੋਈ ਠੋਸ ਚਰਚਾ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਖੇਤੀ ਕਾਨੂੰਨਾਂ ਦੇ ਮੁੱਦੇ 'ਤੇ ਕੇਂਦਰ ਤੇ ਕਿਸਾਨਾਂ ਦਰਮਿਆਨ ਬਣੀ ਖੜੋਤ ਨੂੰ ਤੋੜਨ ਲਈ

*(ਬਾਕੀ ਸਫ਼ਾ 8 'ਤੇ)*


GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ

MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca



ਫਾਸਟ ਡਰਾਈਵਾਲ
Complete Drywall Services

ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000



WE NOW OFFER OVER 40 PROGRAMS
StudentAidBC

| | | | |
|---|---|---|---|
| EDUCATION ASSISTANT $8000 | HEALTH CARE ASSISTANT $5250 | PHARMACY ASSISTANT $5500 | CERTIFIED DENTAL ASSISTANT $14,000 |
| WAGES:$24-$28 PER HOUR | WAGES:$17-$26.50 PER HOUR | WAGES:$19.61-$27.30 PER HOUR | WAGES:$26-$30 PER HOUR |

ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave



UTTAM PAINTING CO.
Residential & Commercial
- Spray Paint
- Stucco Paint
- Roller & Brush
- New & Old House
- Interior & Exterior
- Polly & Sponge Paint


25 Years of Experience
Efficient Work ◆ Fast Service
Reasonable Rates
Rajinder Aulakh (Raj)
778.891.9473
amaritaulakh2008@yahoo.ca



HARVEER
ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com



So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)

- ਕਾਰ • ਟਰੱਕ
- ਆਟੋਮੈਟਿਕ ਟਰੱਕ
- ਮੋਟਰਸਾਇਕਲ
- ਟੈਕਸੀ ਜਾਂ ਏਅਰ ਬਰੇਕ

ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ



NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।


- Property Purchase Sales/Mortgage
- Power of Attorney
- Wills • Affidavits
- Visitation Letters
- Statutory Declarations

BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਹਰਦਮ ਸਿੰਘ ਮਾਨ ਨੂੰ ਇੰਟਰਨੈਸ਼ਨਲ ਅੰਬੈਸਡਰ ਆਫ ਪੀਸ ਨਾਮਜ਼ਦ ਕਰਨ ਦਾ ਭਰਵਾਂ ਸਵਾਗਤ

ਵੈਨਕੂਵਰ (ਪੰਜਾਬ ਲਿੰਕ ਬਿਓਰੋ)-ਵਿਸ਼ਵ ਪੱਧਰ ਤੇ ਸ਼ਾਂਤੀ ਅਤੇ ਮਨੁੱਖੀ ਅਧਿਕਾਰਾਂ ਲਈ ਕਾਰਜਸ਼ੀਲ ਸੰਸਥਾ 'ਵਰਲਡ ਲਿਟਰੇਰੀ ਫੋਰਮ ਫਾਰ ਪੀਸ ਐਂਡ ਹਿਊਮਨ ਰਾਈਟਸ' ਵੱਲੋਂ ਸਰੀ(ਕੈਨੇਡਾ)ਦੇ ਵਸਨੀਕ ਪੰਜਾਬੀ ਸ਼ਾਇਰ ਹਰਦਮ ਸਿੰਘ ਮਾਨ ਨੂੰ ਇੰਟਰਨੈਸ਼ਨਲ ਅੰਬੈਸਡਰ ਆਫ ਪੀਸ ਨਾਮਜ਼ਦ ਕੀਤਾ ਗਿਆ ਹੈ। ਇਹ ਸੰਸਥਾ ਯੂਨਾਈਟਿਡ ਨੇਸ਼ਨਜ਼ ਨਾਲ




WORLD LITERARY FORUM FOR PEACE AND HUMAN RIGHTS

This is to Certify that

Hardam Singh Maan

Surrey-Canada

has successfully agreed with the covenant approved by the "World Literary Forum for Peace and Human Rights - WLFPH" in support of the

Sustainable Development Goals (SDGs) and WLFPH Goals

in creating awareness to promote global, economic and political stability through the promotion of universal moral values, tolerance education, interfaith harmony education, the establishment of the culture of peace and safety and all the Sustainable Development Goals around the world, and is therefore awarded status as

INTERNATIONAL AMBASSADOR OF PEACE

(Committed to Serve the World for Peace & Safety)

February 2021

President/Founder

H.E. Duke Dr. Santosh Kumar Biswa

WLFPH

ਸਬੰਧਤ ਹੈ ਅਤੇ ਇਸ ਦਾ ਮੁੱਖ ਉਦੇਸ਼ ਸਾਹਿਤ, ਕਲਾ ਅਤੇ ਮਾਨਵਤਾ ਦੀ ਸੇਵਾ ਕਰ ਰਹੇ ਲੇਖਕਾਂ, ਕਲਾਕਾਰਾਂ ਅਤੇ ਸਮਾਜ ਸੇਵਕਾਂ ਨੂੰ ਵਿਸ਼ਵ ਸ਼ਾਂਤੀ ਅਤੇ ਮਨੁੱਖੀ ਅਧਿਕਾਰਾਂ ਹਿਤ ਆਪਣਾ ਯੋਗਦਾਨ ਪਾਉਣ ਲਈ ਉਤਸ਼ਾਹਿਤ ਅਤੇ ਪ੍ਰੇਰਿਤ ਕਰਨਾ ਹੈ। ਹਰਦਮ ਸਿੰਘ ਮਾਨ ਨੇ ਇਹ ਮਾਣ ਦੇਣ ਲਈ 'ਵਰਲਡ ਲਿਟਰੇਰੀ ਫੋਰਮ ਫਾਰ ਪੀਸ ਐਂਡ ਹਿਊਮਨ ਰਾਈਟਸ' ਦੇ ਪ੍ਰਧਾਨ/ਫਾਊਂਡਰ ਐਚ.ਈ. ਡਿਊਕ ਡਾ. ਸੰਤੋਸ਼ ਕੁਮਾਰ ਬਿਸਵਾ ਅਤੇ ਹਿੰਦੀ ਅਤੇ ਰਾਜਸਥਾਨੀ ਦੇ ਪ੍ਰਸਿੱਧ ਸਾਹਿਤਕਾਰ ਮਿਥੇਸ਼ ਨਿਰਮੋਹੀ ਦਾ ਧੰਨਵਾਦ ਕੀਤਾ ਹੈ। ਇਸੇ ਦੌਰਾਨ ਗ਼ਜ਼ਲ ਮੰਚ ਸਰੀ ਦੇ ਪ੍ਰਧਾਨ ਜਸਵਿੰਦਰ ਗ਼ਜ਼ਲਗੋ, ਸਕੱਤਰ ਕਵਿੰਦਰ ਚਾਂਦ, ਰਾਜਵੰਤ ਰਾਜ, ਦਵਿੰਦਰ ਗੌਤਮ, ਪ੍ਰੀਤ ਮਨਪ੍ਰੀਤ, ਵੈਨਕੂਵਰ ਵਿਚਾਰ ਮੰਚ ਦੇ ਆਗੂ ਜਰਨੈਲ ਸਿੰਘ ਸੇਖਾ, ਜਰਨੈਲ ਸਿੰਘ ਆਰਟਿਸਟ, ਮੋਹਨ ਗਿੱਲ, ਪਰਮਜੀਤ ਸਿੰਘ ਸੇਖੋਂ, ਰਣਧੀਰ ਢਿੱਲੋਂ, ਲੇਖਕ ਮੰਚ ਵੈਨਕੂਵਰ ਦੇ ਸ਼ਾਇਰ ਅਮਰੀਕ ਪਲਾਹੀ, ਪ੍ਰੋ. ਸੁਰਿੰਦਰਪਾਲ ਕੌਰ ਬਰਾੜ, ਪਵਨ ਗਿੱਲਾਂਵਾਲਾ, ਸ਼ਾਇਰਾ ਮੀਨੂੰ ਬਾਵਾ, ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਦੇ ਸੁਰਜੀਤ ਸਿੰਘ ਮਾਧੋਪੁਰੀ, ਹਰਚੰਦ ਸਿੰਘ ਬਾਗੜੀ, ਦਰਸ਼ਨ ਸੰਘਾ, ਰੁਪਿੰਦਰ ਰੁਪੀ, ਪ੍ਰਸਿੱਧ ਵਿਦਵਾਨ ਡਾ. ਸਾਧੂ ਸਿੰਘ, ਹਰਿਦਰਸ਼ਨ ਯਾਦਗਾਰੀ ਇੰਟਰਨੈਸ਼ਲ ਟਰਸਟ ਕੈਨੇਡਾ ਦੇ ਬਾਨੀ ਅਤੇ ਪ੍ਰਸਿੱਧ ਵਿਦਵਾਨ ਜੈਤੇਗ ਸਿੰਘ ਅਨੰਤ, ਵਿਸ਼ਵ ਪ੍ਰਸਿੱਧ ਸਾਹਿਤਕਾਰ ਰਵਿੰਦਰ ਰਵੀ, ਕੁਲਤਾਰਜੀਤ ਸਿੰਘ ਥਿਆੜਾ, ਕੁਲਵਿੰਦਰ ਸ਼ੇਰਗਿੱਲ, ਦਵਿੰਦਰ ਬਚਰਾ, ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ, ਨਿੰਦਰ ਘੁਗਿਆਣਵੀ, ਦਲਵੀਰ ਸਿੰਘ ਬ੍ਰਿਸਬੇਨ, ਡਾ. ਕੁਲਦੀਪ ਸਿੰਘ ਦੀਪ, ਕਹਾਣੀਕਾਰਾ ਵਿਸ਼ਵ ਜਯੋਤੀ ਧੀਰ, ਪੱਤਰਕਾਰ ਗੁਰਮੀਤ ਸਿੰਘ ਕੋਟਕਪੂਰਾ, ਡਾ. ਪਰਮਿੰਦਰ ਸਿੰਘ ਤੱਗੜ, ਖੁਸ਼ਵੰਤ ਬਰਗਾੜੀ, ਰਾਮ ਦਿਆਲ ਸੇਖੋਂ, ਐਡਵੋਕੇਟ ਸਤਵੰਤ ਸਿੰਘ ਵਾਂਦਰ, ਦੇਸ ਪ੍ਰਦੇਸ ਟਾਈਮਜ਼ ਦੇ ਸੰਪਾਦਕ ਸੁਖਵਿੰਦਰ ਸਿੰਘ ਚੋਹਲਾ, ਪੰਜਾਬ ਹੈਰੀਟੇਜ ਦੇ ਸੰਪਾਦਕ ਲਖਬੀਰ ਸਿੰਘ ਖੰਗੂਰਾ, ਪ੍ਰੋ. ਕਰਮਜੀਤ ਸਿੰਘ ਗਿੱਲ, ਬਿੰਦੂ ਮਠਾੜੂ, ਬੀ.ਕੇ. ਸਿੰਘ ਰਖਰਾ, ਗੁਰਬਚਨ ਮਾਨ ਯੂ.ਐਸ., ਸੰਤੋਖ ਮਿਨਹਾਸ ਯੂ.ਐਸ., ਰਵਿੰਦਰ ਸਹਿਰਾਅ ਯੂ. ਐਸ., ਗੁਰਮੁਖ ਸਿੰਘ ਭੁੱਲਰ ਯੂ.ਐਸ., ਪ੍ਰਸਿੱਧ ਮੰਚ ਸੰਚਾਲਕ ਨਰੇਸ਼ ਰੁਪਾਣਾ, ਹਰਮੇਲ ਪ੍ਰੀਤ, ਚਰਨਜੀਤ ਸਿੰਘ ਆਰਟਿਸਟ ਜੈਤੋ, ਗੀਤਕਾਰ ਖੁਸ਼ਹਾਲ ਗਲੋਟੀ, ਗੁਰਮੀਤ ਸਿੰਘ ਧੋਖਰ, ਜਗਦੇਵ ਸਿੰਘ ਸੰਧੂ, ਗਰੇਵਾਲ ਮਲੇਰਕੋਟਲਾ, ਗੁਰਮੇਲ ਬਦੇਸ਼ਾ, ਲਵਪ੍ਰੀਤ ਸੰਧੂ (ਲੱਕੀ) ਅਤੇ ਵੱਡੀ ਗਿਣਤੀ ਵਿਚ ਲੇਖਕਾਂ, ਕਲਾਕਾਰਾਂ ਨੇ ਇਸ ਵਡੇਰੇ ਮਾਣ ਲਈ ਹਰਦਮ ਸਿੰਘ ਮਾਨ ਨੂੰ ਮੁਬਾਰਕਬਾਦ ਦਿੱਤੀ ਹੈ।


TPSG

IMMIGRATION CONSULTANCY INC.

STUDY & WORK IN CANADA

We Provide All Kinds Of Immigration Services

- LMIA • PNP
- Express Entry
- Student Visa
- Study Permit
- Work Permit
- Visitor Visa
- Family Sponsorship
- Super Visa
- Permanent Resident
- Citizenship

MOVED TO NEW LOCATION

- ਐਲ.ਐਮ ਆਈ ਏ
- ਪੀ.ਐਨ.ਪੀ
- ਐਕਸਪ੍ਰੈਸ ਐਂਟਰੀ
- ਫੈਮਲੀ ਸਪਾਂਸਰਸ਼ਿਪ
- ਵਿਜ਼ਟਰ ਵੀਜ਼ਾ
- ਸੱਟਡੀ ਪਰਮਿਟ
- ਵਰਕ ਪਰਮਿਟ
- ਸੁਪਰ ਵੀਜ਼ਾ
- ਪੀ.ਆਰ
- ਸਿਟੀਜ਼ਨਸ਼ਿਪ

ਸਟਾਰਟਅੱਪ ਵੀਜ਼ਾ ਪ੍ਰੋਗਰਾਮ (ਬਿਜ਼ਨਸ)



Office: 778-590-5906

Email: tpsgimmigration@telus.net

Website: www.tpsgimmigration.com

8132 130 St., Surrey BC, V3W 8J9

Meet the best in our team of specialist and let help you get to where you want to go.

RUPINDER KAUR 604-518-2577

TEJINDER GREWAL 604-837-3101

rcic · cric

License No. 562



JJB INSURANCE

BBB ACCREDITED BUSINESS

Sarban Singh Sidhu

604-507-6866 #1, 13791, 72 AVE, SURREY (NEAR FRUITICANA)

We Are Specialist In Setting Up New Prorate Co, Fleet, Cargo

Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |



HOUSE INSURANCE UP TO 65% DISCOUNT AVAILABLE

*RATES SUBJECT TO CHANGE WITHOUT ANY NOTICE

THESE RATES INCLUDE:-

- REPLACEMENT COST ON DWELLING & CONTENTS
- SEWER BACKUP • CLAIM FREE DISCOUNT
- SENIOR / MORTGAGE FREE DISCOUNT
- HOME PROTECTION DISCOUNT
- NEW HOME DISCOUNT • DEDUCTIBLE DISCOUNT

Life • Critical • Disability • RRSP • RESP • Visitor • Super Visa

Ask for Special Rate for Super Visa Insurance

Money Back upon Visa Declined

- ਪਹਿਲੀ ਵਾਰ ਘਰ ਖ੍ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
- ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ

Wawanesa Insurance

Call Us Before You Renew / Buy Any Insurance Lien & Accident Search Available



UNI GLOBAL IMMIGRATION

CONSULTING SERVICES LTD.

Your Dream......Our Passion

For All Your Immigration Related Needs

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers(TFW). We help employers in each and every step of acquiring Temporary Foreign Workers

Tel: 604-338-4975

604-507-9962

rcic · cric

#12387 - 75 Ave., Surrey BC V3W 2S7

Email: contactuniglobal@gmail.com

# ਭਾਰਤੀ ਜੀਵਨ ਬੀਮਾ ਨਿਗਮ ਵੀ ਵੇਚਣ ਦੀ ਤਿਆਰੀ ?


## ਬੀਮਾ ਸੋਧ ਬਿੱਲ ਰਾਜ ਸਭਾ 'ਚ ਪਾਸ




ਨਵੀਂ ਦਿੱਲੀ-ਰਾਜ ਸਭਾ ਨੇ ਬੀਮਾ ਖੇਤਰ 'ਚ ਸਿੱਧਾ ਵਿਦੇਸ਼ੀ ਨਿਵੇਸ਼ (ਐੱਫਡੀਆਈ) ਦੀ ਹੱਦ 49 ਫੀਸਦ ਤੋਂ ਵਧਾ ਕੇ 74 ਫੀਸਦ ਕਰਨ ਸਬੰਧੀ ਤਜਵੀਜ਼ਾਂ ਵਾਲੇ ਬੀਮਾ (ਸੋਧ) ਬਿੱਲ, 2021 ਪਾਸ ਕਰ ਦਿੱਤਾ ਹੈ। ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਇਸ ਬਿੱਲ 'ਤੇ ਹੋਈ ਚਰਚਾ ਦਾ ਜਵਾਬ ਦਿੰਦਿਆਂ ਕਿਹਾ ਕਿ ਬੀਮਾ ਖੇਤਰ 'ਚ ਐੱਫਡੀਆਈ ਦੀ ਹੱਦ ਵਧਾ ਕੇ 74 ਫੀਸਦ ਕਰਨ ਨਾਲ ਇਸ ਖੇਤਰ ਦੀਆਂ ਕੰਪਨੀਆਂ ਵੀ ਵਧਦੀ ਪੂੰਜੀ ਦੀ ਜ਼ਰੂਰਤ ਪੂਰੀ ਕਰਨ 'ਚ ਮਦਦ ਮਿਲੇਗੀ। ਉਨ੍ਹਾਂ ਕਿਹਾ ਕਿ ਇਹ ਸੋਧ ਇਸ ਲਈ ਕੀਤੀ ਜਾ ਰਹੀ ਹੈ ਕਿ ਕੰਪਨੀਆਂ ਇਹ ਤੈਅ ਕਰ ਸਕਣ ਕਿ ਉਨ੍ਹਾਂ ਕਿਸ ਹੱਦ ਤੱਕ ਐੱਫਡੀਆਈ ਲੈਣਾ ਹੈ। ਉਨ੍ਹਾਂ ਕਿਹਾ, 'ਇਹ ਨਾ ਤਾਂ ਅਪਨਿਵੇਸ਼ ਵਾਲੀ ਗੱਲ ਹੈ ਅਤੇ ਨਾ ਹੀ ਨਿੱਜੀਕਰਨ ਵਾਲੀ। ਬੀਮਾ ਖੇਤਰ ਦੀਆਂ ਸਾਰੀਆਂ ਧਿਰਾਂ ਨਾਲ ਵਿਚਾਰ ਚਰਚਾ ਤੋਂ ਬਾਅਦ ਇਸ ਖੇਤਰ 'ਚ ਐੱਫਡੀਆਈ ਦੀ ਸੀਮਾ ਵਧਾਉਣ ਦਾ ਫ਼ੈਸਲਾ ਲਿਆ ਗਿਆ ਹੈ।' ਉਨ੍ਹਾਂ ਕਿਹਾ ਕਿ 2015 'ਚ ਜਦੋਂ ਬੀਮਾ ਖੇਤਰ 'ਚ ਐੱਫਡੀਆਈ ਦੀ ਹੱਦ ਵਧਾ ਕੇ 49 ਫੀਸਦ ਕੀਤੀ ਗਈ ਸੀ ਉਸ ਮਗਰੋਂ 26 ਹਜ਼ਾਰ ਕਰੋੜ ਰੁਪਏ ਦਾ ਨਿਵੇਸ਼ ਆਇਆ। ਵਿੱਤ ਮੰਤਰੀ ਦੇ ਜਵਾਬ ਤੋਂ ਬਾਅਦ ਸੀਮਾ ਸੋਧ ਬਿੱਲ ਨੂੰ ਜ਼ੁਬਾਨੀ ਵੋਟਾਂ ਨਾਲ ਮਨਜ਼ੂਰੀ ਦੇ ਦਿੱਤੀ ਗਈ ਹਾਲਾਂਕਿ ਕੁਝ ਵਿਰੋਧੀ ਮੈਂਬਰ ਇਸ 'ਤੇ ਵਿਰੋਧ ਜ਼ਾਹਿਰ ਕਰਦੇ ਹੋਏ ਸਦਨ 'ਚੋਂ ਵਾਕਆਊਟ ਕਰ ਗਏ। ਜ਼ਿਆਦਾਤਰ ਵਿਰੋਧੀ ਧਿਰਾਂ ਨੇ ਇਸ ਬਿੱਲ ਨੂੰ ਸਥਾਈ ਕਮੇਟੀ ਕੋਲ ਭੇਜਣ ਦੀ ਮੰਗ ਕੀਤੀ ਸੀ। ਇਸ ਤੋਂ ਪਹਿਲਾਂ ਦਿਨੇ ਕਾਂਗਰਸ ਦੀ ਅਗਵਾਈ ਹੇਠਲੀ ਵਿਰੋਧੀ ਧਿਰ ਦੇ ਮੈਂਬਰਾਂ ਨੇ ਅੱਜ ਬੀਮਾ (ਸੋਧ) ਬਿੱਲ ਦਾ ਵਿਰੋਧ ਕਰਦਿਆਂ ਹੰਗਾਮਾ ਕੀਤਾ ਜਿਸ ਕਾਰਨ ਸਦਨ ਦੀ ਕਾਰਵਾਈ ਚਾਰ ਵਾਰ ਮੁਲਤਵੀ ਕਰਨੀ ਪਈ। ਰਾਜ ਸਭਾ 'ਚ ਵਿਰੋਧੀ ਧਿਰ ਦੇ ਆਗੂ ਮਲਿਕਾਰਜੁਨ ਖੜਕੇ ਨੇ ਬਿੱਲ ਦਾ ਵਿਰੋਧ ਕਰਦਿਆਂ ਕਿਹਾ ਕਿ ਇਸ ਨਾਲ ਲੋਕ ਸੰਕਟ 'ਚ ਆ ਜਾਣਗੇ। ਉਨ੍ਹਾਂ ਕਿਹਾ ਕਿ ਬੀਮਾ ਐਕਟ 1938 'ਚ ਇਹ ਤੀਜੀ ਵਾਰ ਸੋਧ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ, 'ਮੈਂ ਚਾਹੁੰਦਾ ਹਾਂ ਕਿ ਇਸ ਬਿੱਲ ਵਿਚਲੀਆਂ ਖਾਮੀਆਂ ਦੂਰ ਕਰਨ ਲਈ ਇਸ ਨੂੰ ਸਥਾਈ ਕਮੇਟੀ ਕੋਲ ਭੇਜਿਆ ਜਾਵੇ।'

# ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਦਾ ਮਹੱਤਵ

ਕਿਸੇ ਦੇਸ਼ ਜਾਂ ਕੌਮ ਦੀ ਆਜ਼ਾਦੀ ਦੇ ਸੰਘਰਸ਼ ਨੂੰ ਇਤਿਹਾਸ ਵਿੱਚ ਗੌਰਵਸ਼ਾਲੀ ਸਥਾਨ ਮਿਲਦਾ ਹੈ। ਆਜ਼ਾਦੀ ਦੀਆਂ ਲੜਾਈਆਂ ਦੇ ਨਾਇਕ 'ਕੌਮੀ ਗੌਰਵ' ਹੋ ਨਿਬੜਦੇ ਹਨ। ਕੌਮੀ ਨਾਇਕ ਤਾਂ ਸੈਂਕੜਿਆਂ ਦੀ ਗਿਣਤੀ ਵਿੱਚ ਵੀ ਹੋ ਸਕਦੇ ਹਨ ਪਰ 'ਮਹਾਂਨਾਇਕ' ਦਾ ਰੁਤਬਾ ਇਨ੍ਹਾਂ ਵਿੱਚੋਂ ਕਿਸੇ ਇੱਕ ਨੂੰ ਹੀ ਮਿਲਦਾ ਹੈ। ਭਾਰਤ ਦੀ ਆਜ਼ਾਦੀ ਲਈ ਮਹਾਂ ਨਾਇਕ ਵਜੋਂ ਮਹਾਤਮਾ ਗਾਂਧੀ ਨੂੰ ਦੇਖਿਆ ਜਾਂਦਾ ਹੈ, ਪਰ ਪੰਜਾਬੀ ਚੇਤਨਾ ਇਹ ਮਾਣ ਸ਼ਹੀਦ-ਏ-ਆਜ਼ਮ ਭਗਤ ਸਿੰਘ ਨੂੰ ਦਿੰਦੀ ਹੈ। ਸਿਰਫ਼ ਪੰਜਾਬੀ ਹੀ ਨਹੀਂ, ਭਾਰਤੀ ਨੌਜਵਾਨੀ ਦੇ ਵੱਡੇ ਵਰਗ ਅਤੇ ਸਥਾਪਤੀ-ਵਿਰੋਧੀ ਵਿਚਾਰਧਾਰਾ ਵਾਲਿਆਂ ਲਈ ਵੀ ਸ਼ਹੀਦ ਭਗਤ ਸਿੰਘ ਰੌਸ਼ਨ ਅਤੇ ਸਦੀਵੀਂ ਮੁਨਾਰਾ ਹੈ। ਸ਼ਹੀਦ ਭਗਤ ਸਿੰਘ ਨੂੰ ਫਾਂਸੀ 'ਤੇ ਚੜ੍ਹਿਆਂ 84 ਸਾਲ ਹੋ ਚੁੱਕੇ ਹਨ, ਪਰ ਦੇਸ਼ ਅੰਦਰ ਉਨ੍ਹਾਂ ਦੇ ਆਦਰਸ਼ਾਂ ਅਤੇ ਰਾਜਨੀਤਕ ਤੇ ਸਮਾਜਿਕ ਵਿਚਾਰਧਾਰਾ ਦੀ ਹਰਮਨ-ਪਿਆਰਤਾ ਵਿੱਚ ਲਗਾਤਾਰ ਵਾਧਾ ਹੁੰਦਾ ਆਇਆ ਹੈ। 15 ਅਗਸਤ 2010 ਨੂੰ ਇੱਕ ਅੰਗਰੇਜ਼ੀ ਅਖ਼ਬਾਰ ਨੇ ਆਜ਼ਾਦੀ ਦੇ 63 ਸਾਲ ਪੂਰੇ ਹੋਣ 'ਤੇ ਵੱਖ-ਵੱਖ ਖੇਤਰਾਂ ਦੀਆਂ ਪ੍ਰਬੁੱਧ ਸ਼ਖ਼ਸੀਅਤਾਂ ਤੋਂ ਭਾਰਤ ਦੀ ਆਜ਼ਾਦੀ ਦੇ ਆਦਰਸ਼ਾਂ ਦੇ ਪ੍ਰਸੰਗ ਵਿੱਚ ਅਜੋਕੇ ਭਾਰਤੀ ਹਾਲਾਤ ਬਾਰੇ ਪ੍ਰਤੀਕਿਰਿਆਵਾਂ ਹਾਸਲ ਕੀਤੀਆਂ ਸਨ। ਇਸੇ ਦੌਰਾਨ ਇੱਕ ਸਵਾਲ ਇਹ ਵੀ ਪੁੱਛਿਆ ਗਿਆ, "ਉਹ ਦੇਸ਼ ਦੀ ਆਜ਼ਾਦੀ ਦੇ ਕਿਸ 'ਨਾਇਕ' ਨੂੰ ਦੁਬਾਰਾ ਮਿਲਣਾ ਚਾਹੁਣਗੇ?" ਸਭ ਤੋਂ ਵੱਧ ਲੋਕਾਂ ਨੇ ਸ਼ਹੀਦ ਭਗਤ ਸਿੰਘ ਨੂੰ ਮਿਲਣ ਦੀ ਇੱਛਾ ਜ਼ਾਹਿਰ ਕੀਤੀ ਸੀ। ਕੁਝ ਸਮਾਂ ਪਹਿਲਾਂ ਰਿਜ਼ਰਵ ਬੈਂਕ ਆਫ਼ ਇੰਡੀਆ ਨੇ ਭਾਰਤੀ ਕਰੰਸੀ 'ਤੇ ਮਹਾਤਮਾ ਗਾਂਧੀ ਤੋਂ ਇਲਾਵਾ 10 ਹੋਰ ਕੌਮੀ ਸ਼ਖ਼ਸੀਅਤਾਂ ਦੀਆਂ ਤਸਵੀਰਾਂ ਛਾਪੇ ਜਾਣ ਬਾਰੇ ਸੁਝਾਅ ਮੰਗੇ ਸਨ, ਜਿਸ ਦੌਰਾਨ 71 ਫ਼ੀਸਦੀ ਤੋਂ ਵੱਧ ਲੋਕਾਂ ਨੇ ਨੋਟਾਂ 'ਤੇ ਸ਼ਹੀਦ ਭਗਤ ਸਿੰਘ ਦੀ ਤਸਵੀਰ ਛਾਪੇ ਜਾਣ ਦੀ ਮੰਗ ਕੀਤੀ ਸੀ। ਨੌਜਵਾਨ ਪੀੜ੍ਹੀ ਦੀ ਗੱਲ ਕੀਤੀ ਜਾਵੇ ਤਾਂ ਕਾਲਜਾਂ ਦੀਆਂ ਵਿਦਿਆਰਥੀ ਜਥੇਬੰਦੀਆਂ, ਟਰੇਡ ਯੂਨੀਅਨਾਂ ਤੇ ਸੰਘਰਸ਼ਸ਼ੀਲ ਜਥੇਬੰਦੀਆਂ ਦਾ ਆਦਰਸ਼ ਕੇਵਲ ਤੇ ਕੇਵਲ ਸ਼ਹੀਦ ਭਗਤ ਸਿੰਘ ਹੈ। ਨੌਜਵਾਨ ਪੀੜ੍ਹੀ ਵਿਚ ਕਿਸ ਹੱਦ ਤਕ ਸ਼ਹੀਦ ਭਗਤ ਸਿੰਘ ਦੀ ਸ਼ਖ਼ਸੀਅਤ ਦਾ ਪ੍ਰਭਾਵ ਜਾਂ ਕਰੇਜ਼ ਹੈ, ਇਹ ਮੇਲਿਆਂ ਜਾਂ ਤਿਓਹਾਰਾਂ 'ਚ ਸ਼ਹੀਦ ਭਗਤ ਸਿੰਘ ਵਰਗੀਆਂ ਬਸੰਤੀ ਦਸਤਾਰਾਂ ਬੰਨ੍ਹੀ ਨੌਜਵਾਨਾਂ ਦੇ ਹੜ੍ਹ, ਸ਼ਹੀਦ ਭਗਤ ਸਿੰਘ ਦੇ ਨਾਵਾਂ ਤੇ ਤਸਵੀਰਾਂ ਵਾਲੀਆਂ ਟੀ-ਸ਼ਰਟਾਂ, ਟਰੱਕਾਂ, ਬੱਸਾਂ, ਕਾਰਾਂ ਤੇ ਹੋਰ ਵਾਹਨਾਂ 'ਤੇ ਸਭ ਤੋਂ ਵੱਧ ਸ਼ਹੀਦ ਭਗਤ ਸਿੰਘ ਦੀਆਂ ਤਸਵੀਰਾਂ ਵਾਲੇ ਲੱਗੇ ਸਟਿੱਕਰਾਂ ਤੇ ਪੋਸਟਰਾਂ ਦੀ ਹਰਮਨ-ਪਿਆਰਤਾ ਤੋਂ ਸਪਸ਼ਟ ਹੋ ਜਾਂਦਾ ਹੈ। ਸ਼ਹੀਦ ਭਗਤ ਸਿੰਘ ਵੱਲੋਂ ਦੇਸ਼ ਨੂੰ ਆਜ਼ਾਦ ਕਰਵਾਉਣ ਖ਼ਾਤਰ ਦੇਸ਼ ਵਾਸੀਆਂ, ਖ਼ਾਸ ਕਰਕੇ ਸੰਘਰਸ਼ਸ਼ੀਲਾਂ ਤੇ ਨੌਜਵਾਨਾਂ ਨੂੰ ਦਿੱਤਾ ਨਾਅਰਾ 'ਇਨਕਲਾਬ ਜ਼ਿੰਦਾਬਾਦ' ਅੱਜ ਵੀ ਭਾਰਤ ਦੀਆਂ ਟਰੇਡ ਯੂਨੀਅਨਾਂ ਅਤੇ ਮੁਲਾਜ਼ਮ ਜਥੇਬੰਦੀਆਂ ਦਾ ਮੁੱਖ ਨਾਅਰਾ ਹੈ। ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ 'ਤੇ ਚੱਲਣ ਅਤੇ ਉਨ੍ਹਾਂ ਦੇ ਆਦਰਸ਼ਾਂ ਦੀ ਪੂਰਤੀ ਲਈ ਲੜਨ ਦੇ ਦਾਅਵੇਦਾਰਾਂ ਦੀ ਅੱਜ ਕੋਈ ਘਾਟ ਨਹੀਂ ਹੈ ਪਰ ਇਸ ਦੇ ਬਾਵਜੂਦ ਇਹ ਮਹਿਸੂਸ ਕੀਤਾ



ਜਾਂਦਾ ਹੈ ਕਿ ਸ਼ਹੀਦ ਭਗਤ ਸਿੰਘ ਦੇ ਆਦਰਸ਼ ਅੱਜ ਸਾਡੇ ਸਮਾਜ ਅੰਦਰੋਂ, ਨੌਜਵਾਨ ਪੀੜ੍ਹੀ ਵਿੱਚੋਂ ਅਤੇ ਰਾਜਨੀਤਕ ਵਿਵਸਥਾ ਵਿੱਚੋਂ ਮਨਫ਼ੀ ਹੋ ਰਹੇ ਹਨ। ਇਸੇ ਕਰਕੇ ਖੱਬੇ-ਪੱਖੀਆਂ ਜਾਂ ਸਥਾਪਤੀ ਵਿਰੋਧੀ ਜਥੇਬੰਦੀਆਂ ਵੱਲੋਂ ਇਹ ਨਾਅਰਾ ਦਿੱਤਾ ਜਾਂਦਾ ਹੈ ਕਿ, ਜਿਹੋ ਜਿਹੀ ਆਜ਼ਾਦੀ ਦੀ ਸ਼ਹੀਦ ਭਗਤ ਸਿੰਘ ਹੁਰਾਂ ਨੇ ਕਲਪਨਾ ਕੀਤੀ ਸੀ, ਉਹ ਆਜ਼ਾਦੀ ਹਾਲੇ ਭਾਰਤ ਨੂੰ ਨਸੀਬ ਨਹੀਂ ਹੋਈ। ਕੌਮੀ ਆਜ਼ਾਦੀ ਲਈ ਸੰਘਰਸ਼ ਦਾ ਨਿਸ਼ਾਨਾ ਸਿਰਫ਼ ਤੇ ਸਿਰਫ਼ ਸੱਤਾ ਨਹੀਂ ਹੁੰਦਾ। ਦੇਸ਼ ਦੀ ਆਜ਼ਾਦੀ ਲਈ ਜੂਝ ਰਹੇ ਆਗੂਆਂ ਦੀ ਇੱਕ ਖ਼ਾਸ 'ਦ੍ਰਿਸ਼ਟੀ', ਆਦਰਸ਼ ਅਤੇ ਉਦੇਸ਼ ਹੁੰਦਾ ਹੈ ਜਿਸ ਵਿੱਚ ਦੇਸ਼ ਜਾਂ ਕੌਮ ਦੇ ਭਵਿੱਖ ਦੀ ਤਸਵੀਰ ਦਾ ਗੂੜ੍ਹਾ ਜਾਂ ਧੁੰਦਲਾ ਖਾਕਾ ਸਮੋਇਆ ਹੁੰਦਾ ਹੈ। ਆਜ਼ਾਦੀ ਦੀ ਲੜਾਈ ਨੂੰ ਸਮਾਜਵਾਦ ਅਤੇ ਸਮਾਨਤਾ ਦੇ ਨਿਜ਼ਾਮ ਦੀ ਸੱਤਾ ਪ੍ਰਾਪਤੀ ਦੇ ਸੰਕਲਪ ਨਾਲ ਸ਼ਹੀਦ ਭਗਤ ਸਿੰਘ ਨੇ ਜੋੜਿਆ ਸੀ। ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਮੁੱਖ ਤੌਰ 'ਤੇ ਤਿੰਨ ਨੁਕਤਿਆਂ 'ਤੇ ਕੇਂਦਰਿਤ ਸਮਝਿਆ ਜਾਂਦਾ ਹੈ। ਇਹ ਹਨ: ਰਾਸ਼ਟਰਵਾਦ, ਸਮਾਜਵਾਦ ਅਤੇ ਰਾਜਨੀਤਕ ਪ੍ਰਣਾਲੀ ਵਿੱਚ ਤਬਦੀਲੀ ਲਈ ਇਨਕਲਾਬ। ਇਨਕਲਾਬ ਦਾ ਮਤਲਬ ਨਾਸਾਜ਼ ਹਾਲਾਤ ਨੂੰ ਅਨੁਕੂਲ ਵਿੱਚ ਬਦਲਣ ਲਈ ਸੰਘਰਸ਼ ਤੋਂ ਲਿਆ ਜਾਂਦਾ ਹੈ। ਸ਼ਹੀਦ ਭਗਤ ਸਿੰਘ ਦੇ ਆਦਰਸ਼ਾਂ ਵਿੱਚ ਬੁਨਿਆਦੀ ਤੌਰ 'ਤੇ ਸਾਮਰਾਜਵਾਦੀ, ਬੁਰਜੂਆ ਰਾਜਨੀਤਕ ਵਿਵਸਥਾ ਨੂੰ ਢਾਹ ਕੇ ਲੋਕਾਂ ਦਾ ਰਾਜ ਸਥਾਪਤ ਕਰਨਾ ਵਰਗੇ ਮੁੱਦੇ ਸ਼ਾਮਲ ਸਨ। ਸਮਾਜਵਾਦ ਦਾ ਨਾਅਰਾ ਸਮਾਜ ਦੇ ਦੱਬੇ-ਕੁਚਲੇ ਵਰਗਾਂ ਨੂੰ ਬਰਾਬਰੀ ਦਾ ਹੱਕ ਦਿਵਾਉਣ ਅਤੇ ਜਾਤ-ਵਰਣ ਅਤੇ ਆਰਥਿਕ ਨਾਬਰਾਬਰੀ ਰਹਿਤ ਸਮਾਜਿਕ ਅਤੇ ਆਰਥਿਕ ਬਰਾਬਰੀ ਦਾ ਸਮਾਜ ਸਿਰਜਣ ਲਈ ਸੀ। ਪਰ ਦੇਸ਼ ਵਿੱਚ ਅੱਜ ਆਜ਼ਾਦੀ ਤੋਂ 66 ਸਾਲ ਬਾਅਦ ਜਾਤ-ਪਾਤ ਆਧਾਰਿਤ ਸਮਾਜਿਕ ਅਤੇ ਆਰਥਿਕ ਪਾੜਾ ਵੱਡੀ ਪੱਧਰ 'ਤੇ ਵਧਿਆ ਹੈ। ਅੱਜ ਦੇਸ਼ ਦੀ ਆਰਥਿਕਤਾ ਦੇਸ਼ ਦੇ 15 ਫ਼ੀਸਦੀ ਸਰਮਾਏਦਾਰ ਲੋਕਾਂ ਦੇ ਦੁਆਲੇ ਘੁੰਮਦੀ ਹੈ ਜਦੋਂਕਿ 85 ਫ਼ੀਸਦੀ ਲੋਕ ਹਾਲੇ ਵੀ ਕੋਹਲੂ ਦੇ ਬੈਲ ਬਣੇ ਹੋਏ ਹਨ।

**—ਬਲਰਾਜ ਸਿੰਘ**

ਸ. ਮੈਹਿੰਗਾ ਸਿੰਘ ਸਰਾਫ਼ ਮੁੱਲਾਂਪੁਰ ਵਾਲੇ

S & S Jewellers Ltd.



Authorized Dealer
20% OFF SEIKO, PULSAR ALL Watches
(3 Yrs Limited Warranty)

Specializing in:
22 Kt & 24 Kt
- Ready Made & Custom Made
- Jewellery, Repairs - Lucky Birth Stones
- Appraisals

Diamond Ring 50% Off



Surjit S. Kanda * Avtar S. Kanda
604.582.5849
9269 - 120 St. Delta BC V4C 6R8

Homeowner • Fleet • Business • Auto • Travel • Boats • Life • Critical • Cargo • Commercial

7 Days a Week! 9 am to 9pm

HOUSE INSURANCE

| House | Contents | Liability | Premium |
| --- | --- | --- | --- |
| $450,000 | $315,000 | 1 Million | $302 /YEAR |
| $550,000 | $385,000 | 1 Million | $346 /YEAR |
| $650,000 | $455,000 | 1 Million | $407 /YEAR |
| $750,000 | $525,000 | 1 Million | $467 /YEAR |

Discounts may vary due to individual circumstances and policy requirements. Rates subject to change without notice.

Above Rates Includes: * Senior Discount * Claims Free Discount * New Home Discount * Mortgage Free Discount * Home Production Discount * Deductible Applicable * Monthly Payment Plan




ਅਸੀਂ ਟਰੱਕਾਂ ਅਤੇ ਟਰੇਲਰਾਂ ਲਈ ਫਾਇਨੈਂਸਿੰਗ ਵੀ ਕਰਦੇ ਹਾਂ

ICBC ਅਸੀਂ ਹਰ ਤਰ੍ਹਾਂ ਦੀ ਇੰਸ਼ੋਰੈਂਸ ਵਾਜਿਬ ਕੀਮਤ 'ਤੇ ਕਰਦੇ ਹਾਂ।

ਸਾਡੇ ਦਫ਼ਤਰ ਹਫ਼ਤੇ ਦੇ ਸੱਤੇ ਦਿਨ ਸਵੇਰੇ 9 ਵਜੇ ਤੋਂ ਸ਼ਾਮ 9 ਵਜੇ ਤੱਕ ਖੁੱਲ੍ਹਦੇ ਹਨ।



JASWINDER S. PARMAR
604-351-6539

AMC INSURANCE SERVICES LTD.

| SURREY (HEAD OFFICE) | CLOVERDALE | LANGLEY | COQUITLAM | COQUITLAM | VANCOUVER | ABBOTSFORD | NORTH VANCOUVER |
| --- | --- | --- | --- | --- | --- | --- | --- |
| Ph: 604.507.6666 | Ph: 604.576.6648 | Ph: 604.882.6000 | Ph: 604.939.2425 | Ph: 604-942-3555 | Ph: 604-876-0126 | Ph: 604.744.0360 | Ph: 604-985-3185 |
| #120, 12888 - 80th Ave. | 134 -17455, Hwy 10 | 160-20728 Willoughby Town Center Dr | #404, 552 Clarke Rd | 405-1192 Lansdowne Dr | 4075 Combie Street | 31696 South Fraserway | 140 East 14th Street, North Vancouver |

Call us to Save minimum 10% or more on your Insurance

80th Ave. 130th St. 128th St AMC Insurance AirCare

ਅਸੀਂ ਸੁਪਰਵੀਜ਼ਾ ਲਈ ਮੈਡੀਕਲ ਇੰਸ਼ੋਰੈਂਸ ਵੀ ਕਰਦੇ ਹਾਂ।
ਜੇਕਰ ਵੀਜ਼ਾ ਨਾ ਮਿਲੇ ਤਾਂ ਪੈਸੇ ਵਾਪਸ ਕੀਤੇ ਜਾਂਦੇ ਹਨ।

www.amcinsurance.ca • jparmar@amcinsurance.ca


ਸਪੈਸ਼ਲ ਸੇਲ !
www.dream-carpets.com
dream carpets
Shaw FLOORS
Ansonylon
STAINMASTER CARPET
ClearTouch
from $1.98 SF
Berber Installed
Textured Saxony Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch

## 23 ਮਾਰਚ : ਭਗਤ ਸਿੰਘ ਅਤੇ ਪਾਸ਼

# ਸੁਰਿੰਦਰ ਧੰਜਲ ਦੀਆਂ ਕਵਿਤਾਵਾਂ

ਭਾਰਤ ਦੇ ਆਜ਼ਾਦੀ ਸੰਗਰਾਮ ਦੌਰਾਨ, ਬਰਤਾਨਵੀ ਸਾਮਰਾਜ ਦੀ ਭੇਟ ਚੜ੍ਹਨ ਵਾਲ਼ੇ ਸਮਾਜਵਾਦੀ ਇਨਕਲਾਬੀਆਂ ਅਤੇ ਮਹਾਨ ਕੌਮੀ ਸ਼ਹੀਦਾਂ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਨ ਤੇਈ ਮਾਰਚ 1931 ਦੇ ਗੂਹੜੇ ਰੰਗ ਵਿੱਚ, ਹਕੂਮਤੀ ਤੇ ਫਿਲ਼ਰਕੂ ਦਹਿਸ਼ਤਗਰਦੀ ਦੀ ਭੇਟ ਚੜ੍ਹਨ ਵਾਲ਼ੇ ਕ੍ਰਾਂਤੀਕਾਰੀ ਕਵੀ ਪਾਸ਼ ਅਤੇ ਉਸ ਦੇ ਮਿੱਤਰ ਹੰਸ ਰਾਜ ਦੀ ਤੇਈ ਮਾਰਚ 1988 ਨੂੰ ਹੋਈ ਸ਼ਹਾਦਤ ਦਾ ਰੰਗ ਵੀ ਸ਼ਾਮਲ ਹੈ। ਇਸ ਮੌਕੇ ਤੇ ਅਸੀਂ ਪਾਸ਼ ਯਾਦਗਾਰੀ ਕੌਮਾਂਤਰੀ ਟ੍ਰਸਟ ਦੇ ਕਨਵੀਨਰ, ਪ੍ਰਸਿੱਧ ਕਵੀ ਅਤੇ ਚਿੰਤਕ ਡਾ। ਸੁਰਿੰਦਰ ਧੰਜਲ ਦੀਆਂ ਚਾਰ ਕਵਿਤਾਵਾਂ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ।

—**ਸੰਪਾਦਕ**



### 1. ਕਵਿਤਾ ਦੀ ਲਾਟ

ਬਦਚਲਣ ਕੁਰਸੀ ਨੇ
ਸੱਤ ਐਲਾਨ ਜਾਰੀ ਕਰ ਦਿੱਤੇ:

**ਪਹਿਲਾ ਐਲਾਨ** -
ਹਵਾ ਨੂੰ ਕਹੋ:
ਬਦਬੂ ਨੂੰ ਪੁੱਛ ਕੇ ਵਗਿਆ ਕਰੇ
ਕਵਿਤਾ ਦੀ ਲਾਟ ਨੂੰ ਕਹੋ:
ਮੱਥੇ ਚ ਨਾ ਜਗਿਆ ਕਰੇ

**ਦੂਜਾ ਐਲਾਨ** -
ਸੂਰਜ ਨੂੰ ਕਹੋ:
ਪਤਾਲ਼ਾਂ ਦੀ ਆਗਿਆ ਬਿਨਾਂ ਨਾ ਚੜ੍ਹਿਆ ਕਰੇ
ਹਨੇਰੇ ਨੂੰ ਕਹੇ ਖ਼ੁਸ਼ਆਮਦੀਦ
ਬਰਫ਼ ਨਾਲ਼ ਨਾ ਲੜਿਆ ਕਰੇ

**ਤੀਜਾ ਐਲਾਨ** -
ਦਰਿਆਵਾਂ ਨੂੰ ਕਹੋ:
ਮਾਰੂਥਲ ਨੂੰ ਪੁੱਛੇ ਬਿਨਾਂ ਨਾ ਤੁਰਿਆ ਕਰਨ
ਪਰਬਤ ਦੇ ਪੈਰਾਂ ਚ ਹੀ ਰੁਕਿਆ ਕਰਨ
ਝੀਲ ਦੀ ਅੱਖ ਚ ਹੀ ਸੁੱਕਿਆ ਕਰਨ

**ਚੌਥਾ ਐਲਾਨ** -
ਫੁੱਲਾਂ ਨੂੰ ਕਹੋ:
ਕੰਡਿਆਂ ਨੂੰ ਪੁੱਛ ਕੇ ਖਿੜਿਆ ਕਰਨ
ਹਰ ਕਲੀ ਨਾਲ਼ ਬਲਾਤਕਾਰ ਕਰਨ
ਹਰ ਗੁਆਂਢੀ ਫੁੱਲ ਨਾਲ਼ ਭਿੜਿਆ ਕਰਨ

**ਪੰਜਵਾਂ ਐਲਾਨ** -
ਪੰਛੀਆਂ ਨੂੰ ਕਹੋ:
ਬੰਦੂਕਾਂ ਨੂੰ ਪੁੱਛੇ ਬਿਨਾਂ
ਪਰਵਾਜ਼ਾਂ ਤੇ ਨਾ ਜਾਇਆ ਕਰਨ
ਆਹਲਣਿਆਂ ਦੀਆਂ
ਬਰਸੀਆਂ ਮਨਾਇਆ ਕਰਨ

**ਛੇਵਾਂ ਐਲਾਨ** -
ਭਗਤ ਸਿੰਘ ਨੂੰ ਕਹੋ:
ਅਸੈਂਬਲੀ ਚ ਬੰਬ ਨਾ ਸੁੱਟਿਆ ਕਰੇ
ਰਾਜਗੁਰੂ ਅਤੇ ਸੁਖਦੇਵ ਤੋਂ
ਪੋਟਾ ਪੋਟਾ ਟੁੱਟਿਆ ਕਰੇ

**ਸੱਤਵਾਂ ਅਤੇ ਆਖ਼ਰੀ ਐਲਾਨ** -
ਸ਼ਾਇਰ ਨੂੰ ਕਹੋ:
ਲਿਖੇ ਨਾ ਭੈਭੀਤ ਭਵਿੱਖ ਦੇ ਖਿਲ਼ਲਾਫ਼ ਕੋਈ ਗੀਤ
ਭੁੱਲ ਜਾਵੇ ਆਪਣਾ ਲਹੂ-ਲੁਹਾਣ ਵਰਤਮਾਨ
ਸਾਂਭੀ ਫਿਰੇ ਆਪਣਾ ਜ਼ਖ਼ਮੀ ਅਤੀਤ
ਪਹਿਲੇ ਪੰਜ ਹੁਕਮ ਸੁਣ ਕੇ
ਹਵਾ ਨੇ ਬਦਬੂ ਨੂੰ ਜੱਫੀ ਪਾ ਲਈ
ਸੂਰਜ ਨੇ ਪਤਾਲ਼ਾਂ ਨਾਲ਼ ਯਾਰੀ ਲਾ ਲਈ
ਦਰਿਆ ਪਰਬਤਾਂ ਵੱਲ ਰਿੜ੍ਹ ਪਏ
ਫੁੱਲਾਂ ਚੋਂ ਕੰਡਿਆਂ ਦੇ ਰਾਗ ਛਿੜ ਪਏ
ਪੰਛੀਆਂ ਨੇ ਬੰਦੂਕਾਂ ਤੇ ਆਹਲਣੇ ਪਾ ਲਏ
ਪਰਵਾਜ਼ਾਂ ਦੇ ਸਿਰਨਾਵੇਂ
ਆਹਲਣਿਆਂ ਚ ਛੁਪਾ ਲਏ

**ਪਰ ਏਹ ਕੀ ?**
ਭਗਤ ਸਿੰਘ ਅਤੇ ਸ਼ਾਇਰ, ਦੋਵਾਂ ਨੇ
ਹਰ ਹੁਕਮ ਅਣਸੁਣਿਆਂ ਕਰ ਦਿੱਤਾ
ਭਗਤ ਸਿੰਘ ਨੇ ਅਛੋਪਲੇ ਜਹੇ
ਸ਼ਾਇਰ ਦੇ ਮੋਢੇ ਤੇ ਆਪਣਾ ਹੱਥ ਧਰ ਦਿੱਤਾ
ਸਿਆਹੀ ਚ ਆਪਣੇ ਲਹੂ ਦਾ ਰੰਗ ਭਰ ਦਿੱਤਾ

**ਸ਼ਾਇਰ ਦੀ ਕਲਮ**
ਭਗਤ ਸਿੰਘ ਦੀ ਅੱਖ ਵਾਂਗ ਦਗ ਰਹੀ ਹੈ
ਤੀਜੀ ਅੱਖ ਉਵੇਂ ਹੀ ਮਘ ਰਹੀ ਹੈ
ਕਵਿਤਾ ਦੀ ਲਾਟ ਉਵੇਂ ਹੀ ਜਗ ਰਹੀ ਹੈ

**ਸ਼ਾਇਰੀ ਵਿੱਚ**
ਬੂੰਦ ਬੂੰਦ ਸ਼ਹਾਦਤ ਰਲ਼ ਰਹੀ ਹੈ
ਕਵਿਤਾ ਦੀ ਲਾਟ ਹੋਰ ਉੱਚੀ ਬਲ਼ ਰਹੀ ਹੈ।

### 2. ਜੋਸ਼ ਅਤੇ ਹੋਸ਼

ਜੋਸ਼ ਕੱਲਾ ਭਟਕ ਸਕਦਾ ਹੈ ਕਿਤੇ
ਹੋਸ਼ ਕੱਲਾ ਅਟਕ ਸਕਦਾ ਹੈ ਕਿਤੇ
ਸਾਂਭ ਲਈਏ ਬੇਮੁਹਾਰੇ ਜੋਸ਼ ਨੂੰ
ਪਹਿਨ ਲਈਏ ਜੋਸ਼ ਦੇ ਨਾਲ਼ ਹੋਸ਼ ਨੂੰ

ਜੋਸ਼ ਵਿੱਚ ਵਿਸ਼ਵਾਸ
ਸਾਡੀ ਜਿੱਤ ਦਾ ਐਲਾਨ ਹੈ
ਹੋਸ਼ ਵਿੱਚ ਵਿਸ਼ਵਾਸ
ਸਾਡੀ ਜਿੱਤ ਦਾ ਪੈਗਾਮ ਹੈ
ਜਿੱਤ ਦੀ ਵਿਸ਼ਵਾਸ-ਗੱਡੀ
ਦੇ ਹੀ ਦੋ ਪਹੀਏ ਨੇ ਇਹ
ਸੂਝ ਦੀ ਚਿੰਗਾੜੀ ਹੁੰਦੀ
ਬੰਬ ਤੋਂ ਵੱਧ ਖ਼ਤਰਨਾਕ
ਜੋਸ਼ ਦੇ ਵਿੱਚ ਹੋਸ਼ ਮਿਲ ਜਾਵੇ ਜਦੋਂ
ਤਾਜਾਂ ਨੂੰ ਉਛਾਲ਼ੇ ਫਿਰ ਪੈਰਾਂ ਦੀ ਖ਼ਾਕ

ਬੰਬ ਸੁੱਟਣਾ ਕੰਮ ਹੁੰਦਾ ਜੋਸ਼ ਦਾ
ਕਦੋਂ, ਕਿੱਥੇ, ਸੁੱਟਣਾ: ਕੰਮ ਹੋਸ਼ ਦਾ
ਆ ?, ਪਹਿਲਾਂ ਹੋਸ਼ ਦਾ ਬੰਬ ਸੁੱਟੀਏ
ਚਲੋ, ਪਹਿਲਾਂ ਸ਼ਬਦ ਦਾ ਬੰਬ ਸੁੱਟੀਏ
ਨਵੇਂ ਸ਼ਬਦ ਦੇਈਏ ਫਿਲਜ਼ਾ ਖਾਮੋਸ਼ ਨੂੰ
ਜ਼ਬਤ ਦੇ ਵਿੱਚ ਕਰ ਲਈਏ ਆਕ੍ਰੋਸ਼ ਨੂੰ
ਪਹਿਨ ਲਈਏ ਜੋਸ਼ ਦੇ ਨਾਲ਼ ਹੋਸ਼ ਨੂੰ

### 3. ਮਾਂ

ਨਾ ਮੈਂ ਦੇਖੀ ਕਵਿਤਾ ਦੀ ਮਾਂ
ਨਾ ਕ੍ਰਾਂਤੀ ਦੀ ਮਾਂ
ਨਾ ਮੈਂ ਦੇਖੀ ਯੁੱਧ ਦੀ ਮਾਤਾ
ਨਾ ਸ਼ਾਂਤੀ ਦੀ ਮਾਂ

ਨਾ ਮੈਂ ਦੇਖੀ ਸੂਰਜ ਦੀ ਮਾਂ
ਨਾ ਮੈਂ ਫੁੱਲ ਦੀ ਮਾਂ
ਮਾਂ ਮੈਂ ਤੈਨੂੰ ਦੇਖਿਆ, ਤੂੰ ਜੋ
ਸਭ ਦੇ ਭੁੱਲ ਦੀ ਮਾਂ

ਝੰਡਾ ਕਿਧਰੇ, ਪੱਖੀ ਕਿਧਰੇ
ਥਾਂ ਥਾਂ ਝੂਲਦੀ ਮਾਂ
ਜੋ ਤੇਰੇ ਪੁੱਤ ਦੇ ਹਮਰਾਹੀ
ਹੁਣ ਤੂੰ ਕੁੱਲ ਦੀ ਮਾਂ

ਜੋ ਤੇਰੇ ਪੁੱਤਰ ਨੇ ਪਾਈ
ਤੂੰ ਉਸ ਬਾਤ ਦੀ ਮਾਂ
ਰਾਜਗੁਰੂ ਸੁਖਦੇਵ ਭਗਤ ਦੇ
ਚੌਥੇ ਸਾਥ ਦੀ ਮਾਂ

ਜਿਸ ਦਾ ਸੁਪਨਾ ਹਰਿਆ-ਭਰਿਆ
ਤੂੰ ਉਸ ਰੁੱਖ ਦੀ ਮਾਂ
ਜਿਸ ਦਾ ਸੁਪਨਾ ਸਦਾ-ਸੁਹਾਗਣ
ਤੂੰ ਉਸ ਕੁੱਖ ਦੀ ਮਾਂ

ਪਾਸ਼ ਤੇਰਾ ਸੱਚਾ-ਸੁੱਚਾ ਸੀ
ਤੂੰ ਉਸ ਦੁੱਧ ਦੀ ਮਾਂ
ਤੂੰ ਸ਼ਾਂਤੀ ਦੀ ਮਾਂ ਨੀ ਮਾਏ!
ਤੂੰ ਇੱਕ ਯੁੱਧ ਦੀ ਮਾਂ •


DAY AND NIGHT LABOUR LTD.

ਗਰੀਨ ਹਾਊਸ ਅਤੇ ਨਰਸਰੀ ਵਰਕਰਾਂ ਦੀ ਲੋੜ



- ਸਾਨੂੰ ਗਰੀਨ ਹਾਊਸ ਵਰਕਰਾਂ ਅਤੇ ਮਸ਼ਰੂਮ ਪੈਕਿੰਗ ਲਈ ਵਰਕਰਾਂ ਦੀ ਜ਼ਰੂਰਤ ਹੈ।
- ਮੈਰੂਆਨਾ ਪੈਕਿੰਗ ਲਈ ਵਰਕਰਾਂ ਦੀ ਵੀ ਤੁਰੰਤ ਲੋੜ ਹੈ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
- ਸਿਰਫ ਪੀ.ਆਰ. ਜਾਂ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।

ਸੰਪਰਕ– ਸੰਨੀ ਸੰਧਰ 604-727-2421

# ਕੇਂਦਰ ਅੜੀਅਲ ਵਤੀਰੇ ਛੱਡਕੇ ਕਿਸਾਨਾਂ ਨਾਲ ਮੁੜ ਗੱਲਬਾਤ ਕਰੇ-ਕੈਪਟਨ

[ਸਫ਼ਾ 3 ਦੀ ਬਾਕੀ]

ਪੰਜਾਬ ਸਰਕਾਰ ਨੂੰ ਵੀ ਕੋਈ ਰਾਹ ਨਹੀਂ ਲੱਭ ਰਿਹਾ ਹੈ। ਕਿਸਾਨ ਅੰਦੋਲਨ ਦੌਰਾਨ ਪੰਜਾਬ ਦੇ 112 ਕਿਸਾਨ ਫੌਤ ਹੋ ਚੁੱਕੇ ਹਨ ਅਤੇ ਕੇਂਦਰ ਹੋਰ ਕਿੰਨੇ ਕਿਸਾਨਾਂ ਦੀ ਮੌਤ ਉਡੀਕ ਰਿਹਾ ਹੈ। ਉਨ੍ਹਾਂ ਕਿਹਾ ਕਿ ਨਵੇਂ ਖੇਤੀ ਕਾਨੂੰਨ ਖੇਤੀ ਸੈਕਟਰ ਨੂੰ ਖਤਮ ਕਰ ਦੇਣਗੇ। ਆੜ੍ਹਤੀਆਂ ਦੀ ਥਾਂ ਅਣਜਾਣ ਕਾਰਪੋਰੇਟਾਂ ਦੇ ਆਉਣ ਨਾਲ ਗਰੀਬ ਕਿਸਾਨ ਲੋੜ ਪੈਣ 'ਤੇ ਕਿੱਥੇ ਜਾਣਗੇ? ਉਹ ਜਿਣਸਾਂ ਦੀ ਸਿੱਧੀ ਅਦਾਇਗੀ 'ਦੇ ਹੱਕ ਵਿਚ ਨਹੀਂ ਹਨ, ਪਰ ਭਾਰਤ ਸਰਕਾਰ ਖੇਤੀ ਨੂੰ ਕੁਝ ਸਮਝ ਨਹੀਂ ਰਹੀ। ਨਵੇਂ ਖੇਤੀ ਕਾਨੂੰਨ ਬਣਾਏ ਜਾਣ ਨਾਲ ਸੰਘੀ ਢਾਂਚੇ ਨੂੰ ਵੀ ਸੱਟ ਵੱਜੀ ਹੈ। ਸ਼੍ਰੋਮਣੀ ਕਮੇਟੀ ਚੋਣਾਂ ਬਾਰੇ ਉਨ੍ਹਾਂ ਕਿਹਾ ਕਿ ਇਹ ਕੇਂਦਰ ਸਰਕਾਰ ਦੀ ਜ਼ਿੰਮੇਵਾਰੀ ਹੁੰਦੀ ਹੈ।

ਆਪਣੇ ਘਰ ਨੂੰ ਸੁਰੱਖ਼ਿਅਤ ਬਣਾਓ
SuperBug
PEST CONTROL
ਅਸੀ ਹੇਠ ਲਿਖ਼ੀਆਂ ਸੇਵਾਵਾਂ 'ਚ ਮਾਹਰ ਹਾਂ:
• ਕੀੜੀਆਂ
• ਬੈਡ ਦੇ ਖਟਮਲ ਤੋਂ ਨਿਅੰਤਰਣ
• ਪੰਛੀਆਂ ਤੋਂ ਨਿਅੰਤਰਣ
• ਮਧੂਮੱਖੀਆਂ ਤੋਂ ਨਿਅੰਤਰਣ
• ਕਾਕਰਚ
• ਮੱਖੀਆਂ ਤੇ ਜੂਆਂ
• ਰਕੂਨਸ ਤੇ ਗਿਲਿਹਰੀਆਂ
• ਚੂਹਿਆਂ, ਮਕੜੀਆਂ ਤੇ ਜੰਗਲੀ ਜਨਜੀਵਨ ਤੋਂ ਨਿਅੰਤਰਣ
RESIDENTIAL PEST CONTROL
ਮੋਹੰਮਦ ਅਵਾਨ
ਸਰਟੀਫਾਈਡ ਸਰਵਿਸ ਸਪੈਸ਼ਲਿਸਟ
info@superbugpest.com
www.superbugpest.com
Ph: 604-614-8008
ਪ੍ਰੋਫ਼ੈਸ਼ਨਲ ਸੇਵਾਵਾਂ ਵਾਜਬ ਦਾਮ

ਨਸ਼ਿਆਂ ਦੇ ਖ਼ਾਤਮੇ ਬਾਰੇ ਅੰਕੜੇ ਪੇਸ਼ ਕਰਦਿਆਂ ਅਮਰਿੰਦਰ ਨੇ ਕਿਹਾ ਕਿ ਨਕਲੀ ਸ਼ਰਾਬ ਦੇ ਦੁਖਾਂਤ ਦੇ ਸਾਰੇ ਦੋਸ਼ੀਆਂ ਅਤੇ ਧੰਨਾ ਗੈਰ-ਕਾਨੂੰਨੀ ਫੈਕਟਰੀ ਕੇਸ ਦੀ ਸ਼ਨਾਖ਼ਤ ਕਰ ਕੇ ਚਾਰਜਸ਼ੀਟ ਕਰਨ ਦੇ ਨਾਲ ਸਪਲਾਈ ਚੇਨ ਤੋੜੀ ਗਈ ਹੈ। ਉਨ੍ਹਾਂ ਦਾਅਵੇ ਨਾਲ ਕਿਹਾ ਕਿ ਵੱਖ-ਵੱਖ ਮਾਫੀਆ (ਰੇਤ, ਸ਼ਰਾਬ, ਟਰਾਂਸਪੋਰਟ, ਨਸ਼ਾ ਆਦਿ) ਨੂੰ ਖਤਮ ਕਰਨ ਦਾ ਅਮਲ ਨਿਰੰਤਰ ਜਾਰੀ ਹੈ। ਉਨ੍ਹਾਂ ਨਸ਼ਾ ਤਸਕਰੀ ਬਾਰੇ ਪੁਲੀਸ ਅਫਸਰਾਂ ਦੀਆਂ ਬੰਦ ਰਿਪੋਰਟਾਂ ਬਾਰੇ ਵੀ ਕੋਈ ਗੱਲ ਨਹੀਂ ਕੀਤੀ। ਮੁੱਖ ਮੰਤਰੀ ਨੇ ਗੈਂਗਸਟਰ ਮੁਖਤਾਰ ਅੰਸਾਰੀ ਬਾਰੇ ਮਾਮਲਾ ਅਦਾਲਤ ਵਿਚ ਵਿਚਾਰ ਅਧੀਨ ਹੋਣ ਦੀ ਗੱਲ ਆਖੀ ਅਤੇ ਇਹ ਵੀ ਕਿਹਾ ਕਿ ਜੇ ਅੰਸਾਰੀ ਨੇ ਪੰਜਾਬ ਵਿੱਚ ਜੁਰਮ ਕੀਤਾ ਹੈ ਤਾਂ ਉਸ ਨੂੰ ਇਸ ਦੀ ਕੀਮਤ ਚੁਕਾਉਣੀ ਪਵੇਗੀ। ਮੁੱਖ ਮੰਤਰੀ ਨੇ ਚਿਤਾਵਨੀ ਦਿੱਤੀ ਕਿ ਜਦੋਂ ਤੱਕ ਉਹ ਇੱਥੇ ਹਨ, ਕਿਸੇ ਵੀ ਖਾਲਿਸਤਾਨੀ ਜਾਂ ਪਾਕਿਸਤਾਨੀ ਜਾਂ ਹੋਰ ਕਿਸੇ ਅਤਿਵਾਦੀ ਗਤੀਵਿਧੀ ਨੂੰ ਪੰਜਾਬ ਦੇ ਅਮਨ-ਚੈਨ ਵਿੱਚ ਵਿਘਨ ਪਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਇਸ ਵੇਲੇ ਖਾਲਿਸਤਾਨੀ ਸਫ਼ਾਂ ਨੂੰ ਸਰਗਰਮ ਕਰਨ ਲਈ ਡਰੋਨਾਂ ਜ਼ਰੀਏ ਹਥਿਆਰ ਦਿੱਤੇ ਜਾ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਉਹ ਕੁਝ ਸੂਬਿਆਂ ਵੱਲੋਂ ਹੱਦੋ-ਵੱਧ ਅਪਣਾਈ ਖੇਤਰੀਕਰਨ ਦੀ ਨੀਤੀ ਦਾ ਵਿਰੋਧ ਕਰਦੇ ਹਨ ਤੇ ਉਹ ਭਾਰਤ ਲਈ ਭਾਰਤੀਆਂ ਦੇ ਹੱਕ ਵਿਚ ਖੜ੍ਹੇ ਹਨ। ਉਨ੍ਹਾਂ ਕਿਹਾ ਕਿ ਖੇਤਰੀਕਰਨ ਲਾਗੂ ਕਰਨ ਦੇ ਗੰਭੀਰ ਨਤੀਜੇ ਭੁਗਤਣੇ ਪੈਣਗੇ। ਮੁੱਖ ਮੰਤਰੀ ਨੇ ਹਰਿਆਣਾ ਵੱਲੋਂ ਨਿੱਜੀ ਖੇਤਰ ਵਿਚ ਸਥਾਨਕ ਲੋਕਾਂ ਲਈ ਨੌਕਰੀਆਂ ਵਿੱਚ 75 ਫੀਸਦੀ ਰਾਖਵੇਂਕਰਨ ਸਬੰਧੀ ਕੀਤੇ ਐਲਾਨ ਦੇ ਹਵਾਲੇ ਨਾਲ ਇਹ ਗੱਲ ਕਹੀ। ਮੁੱਖ ਮੰਤਰੀ ਨੇ ਸੁਆਲ ਉਠਾਏ ਕਿ ਪੰਜਾਬੀ ਹਿਮਾਚਲ ਪ੍ਰਦੇਸ਼ ਵਿੱਚ ਜ਼ਮੀਨ ਕਿਉਂ ਨਹੀਂ ਖਰੀਦ ਸਕਦੇ ਜਾਂ ਕਸ਼ਮੀਰ ਤੇ ਰਾਜਸਥਾਨ ਵਿੱਚ ਉਨ੍ਹਾਂ ਨੂੰ ਅਜਿਹੇ ਅਧਿਕਾਰ ਕਿਉਂ ਨਹੀਂ ਹਨ।



### ਮੁੱਖ ਮੰਤਰੀ ਦਾ ਚਿਹਰਾ ਕੌਣ ?

ਕੈਪਟਨ ਅਮਰਿੰਦਰ ਨੇ ਕਿਹਾ ਕਿ ਅਗਲੀਆਂ ਚੋਣਾਂ 'ਚ ਮੁੱਖ ਮੰਤਰੀ ਦੇ ਚਿਹਰੇ ਬਾਰੇ ਫੈਸਲਾ ਕਾਂਗਰਸ ਹਾਈ ਕਮਾਂਡ ਨੇ ਕਰਨਾ ਹੈ। ਪ੍ਰਸ਼ਾਂਤ ਕਿਸ਼ੋਰ ਦੀ ਨਿਯੁਕਤੀ ਬਾਰੇ ਪੁੱਛੇ ਸਵਾਲਾਂ ਦਾ ਜਵਾਬ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਲੋਕ ਰਾਜ ਵਿੱਚ ਹਰੇਕ ਆਗੂ ਅਤੇ ਪਾਰਟੀ ਕੋਲ ਰਣਨੀਤੀਕਾਰਾਂ ਦੀ ਟੀਮ ਹੁੰਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਕਾਂਗਰਸ ਦਾ ਕੋਈ ਵਿਰੋਧੀ ਨਹੀਂ ਹੈ ਕਿਉਂਕਿ ਨਾ ਤਾਂ ਅਕਾਲੀ ਅਤੇ ਨਾ ਹੀ ਆਮ ਆਦਮੀ ਪਾਰਟੀ ਮੁਕਾਬਲੇ ਵਿੱਚ ਖੜ੍ਹਦੇ ਹਨ।

### ਨਵਜੋਤ ਸਿੱਧੂ ਬਾਰੇ ਆਸਵੰਦ ਨੇ ਅਮਰਿੰਦਰ

ਚੰਡੀਗੜ੍ਹ-ਬੀਤੇ ਦਿਨੀ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਨਾਲ ਹੋਈ ਮੀਟਿੰਗ ਉਪਰੰਤ ਮੁੱਖ ਮੰਤਰੀ ਨੇ ਕਿਹਾ ਕਿ ਪਾਰਟੀ ਵਿਚ ਹਰ ਕੋਈ ਇਹੋ ਚਾਹੁੰਦਾ ਹੈ ਕਿ ਸਿੱਧੂ ਉਨ੍ਹਾਂ ਦੀ ਟੀਮ ਦਾ ਹਿੱਸਾ ਬਣੇ। ਉਹ ਆਸਵੰਦ ਹਨ ਕਿ ਸਿੱਧੂ ਮੁੜ ਵਾਪਸੀ ਦਾ ਫੈਸਲਾ ਜਲਦੀ ਲੈਣਗੇ। ਉਧਰ ਮੁੱਖ ਮੰਤਰੀ ਦੀ ਇਸ ਟਿੱਪਣੀ ਮਗਰੋਂ ਨਵਜੋਤ ਸਿੱਧੂ ਨੇ ਆਪਣੇ ਅੰਦਾਜ਼ 'ਚ ਟਵੀਟ ਕੀਤਾ 'ਤਿਨਕੇ ਸੇ ਹਲਕੀ ਰੂਈਂ, ਰੂਈਂ ਸੇ ਹਲਕਾ ਮਾਂਗਨੇ ਵਾਲਾ ਆਦਮੀ.. ਨਾ ਅਪਨੇ ਲੀਏ ਮਾਂਗਾ ਥਾ, ਨਾ ਮਾਂਗਾ ਹੈ ਔਰ ਨਾ ਮਾਂਗੂਗਾ।

## ਹੋਲੇ ਮਹੱਲੇ ਤੇ ਜਾਣ ਵਾਲੀਆਂ ਸੰਗਤਾਂ ਲਈ ਕਰੋਨਾ ਟੈਸਟ ਜ਼ਰੂਰੀ

ਸ੍ਰੀ ਆਨੰਦਪੁਰ ਸਾਹਿਬ-ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਰੂਪਨਗਰ ਦੀ ਡਿਪਟੀ ਕਮਿਸ਼ਨਰ ਵੱਲੋਂ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੋਲੇ-ਮਹੱਲੇ ਮੌਕੇ ਪੁੱਜਣ ਵਾਲੀ ਸੰਗਤ ਲਈ ਕਰੋਨਾ ਨੈਗੇਟਿਵ ਦੀ ਰਿਪੋਰਟ ਲੈ ਕੇ ਆਉਣ ਦੇ ਕੀਤੇ ਹੁਕਮਾਂ ਨੂੰ ਮੰਦਭਾਗਾ ਕਰਾਰ ਦਿੰਦਿਆਂ ਇਸ ਨੂੰ ਸਰਕਾਰ ਦੀ ਧੱਕੇਸ਼ਾਹੀ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜੇ ਸੂਬਾ ਸਰਕਾਰ ਸੰਗਤ ਨੂੰ ਰੋਕਣਾ ਚਾਹੁੰਦੀ ਹੈ ਤਾਂ ਖ਼ੁਦ ਐਲਾਨ ਕਰੇ, ਪ੍ਰਸ਼ਾਸਨ ਨੂੰ ਮੋਹਰਾ ਬਣਾਉਣਾ ਜਾਇਜ਼ ਨਹੀਂ ਹੈ। ਬੀਬੀ ਜਗੀਰ ਕੌਰ ਨੇ ਕਿਹਾ ਕਿ ਹੋਲੇ-ਮਹੱਲੇ ਮੌਕੇ ਕਰੋਨਾ ਰਿਪੋਰਟ ਲਿਆਉਣ ਸਬੰਧੀ ਆਦੇਸ਼ ਸਿੱਖ ਸੰਗਤ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੇ ਹਨ। ਉਨ੍ਹਾਂ ਇਹ ਫ਼ੈਸਲਾ ਵਾਪਸ ਲੈਣ ਦੀ ਮੰਗ ਕੀਤੀ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਰਘਬੀਰ ਸਿੰਘ ਨੇ ਹੋਲ-ਮਹੱਲੇ ਮੌਕੇ ਸਰਕਾਰ ਵੱਲੋਂ ਪਾਏ ਜਾ ਰਹੇ ਭਰਮ ਭੁਲੇਖਿਆਂ ਦਾ ਸਖ਼ਤ ਨੋਟਿਸ ਲਿਆ ਹੈ। ਬਾਬਾ ਬੁੱਢਾ ਦਲ ਦੇ ਮੁਖੀ ਬਾਬਾ ਬਲਵੀਰ ਸਿੰਘ 96ਵੇਂ ਕਰੋੜੀ ਨੇ ਕਿਹਾ ਕਿ ਪਿਛਲੇ ਸਾਲ ਵੀ ਕਰੋਨਾ ਦੇ ਨਾਂ 'ਤੇ ਹੋਲੇ-ਮਹੱਲੇ ਨੂੰ ਬਦਨਾਮ ਕਰਨ ਦੀਆਂ ਚਾਲਾਂ ਚੱਲੀਆਂ ਗਈਆਂ ਪਰ ਇੱਕ ਵੀ ਮਰੀਜ਼ ਨਹੀਂ ਲੱਭਿਆ। ਇਸ ਲਈ ਸਰਕਾਰ ਤੇ ਪ੍ਰਸ਼ਾਸਨ ਨੂੰ ਕਰੋਨਾ ਟੈਸਟ ਦੀ ਰਿਪੋਰਟ ਲਿਆਉਣ ਦੀ ਸ਼ਰਤ ਤੁਰੰਤ ਹਟਾਉਣੀ ਚਾਹੀਦੀ ਹੈ।

idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
iccrc crcic
CANADA IMMIGRATION
• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪ੍ਰੋਗਰਾਮ 'ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀਂ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

ACTIVE INSURANCE
Trusted Name In the Community
ਹਰ ਤਰ੍ਹਾਂ ਦੀ ਇੰਸ਼ੋਰੈਂਸ ਦੀ ਜ਼ਰੂਰਤ ਲਈ
• ਕਾਰ • ਟਰੱਕ
• ਘਰਾਂ ਦੀ ਇੰਸ਼ੋਰੈਂਸ
• ਬਿਜ਼ਨੈਸ • ਟਰੈਵਲ
YOUR NEIGHBOURHOOD AUTOPLAN
OPEN 7 DAYS A WEEK
KHALSA BUSINESS CENTRE
# 103 - 8334 - 128th St.,
604-501-7878
VANCOUVER OFFICE:
London Sq. 200-3340 Kingsway
604-437-7878
OPEN 6 DAYS A WEEK
Hours: Mon-Fri: 9:00am to 7:00pm
Saturday 10:00am to 5:00pm
SULLIVAN CENTER:
#108-14340-64th Ave., Surrey
604-593-8899
Tarlok (Tony) Chandi
778-858-7878
Arjun Singh
604.760.3661




## ਨਸਲਵਾਦ ਦੀ ਸੜਾਂਦ...

# ਜਮਹੂਰੀ ਪ੍ਰਣਾਲੀ 'ਚ ਰਾਜਾਸ਼ਾਹੀ ਦੀ ਭੂਮਿਕਾ ਉਪਰ ਸਵਾਲ

**ਸੁਖਵਿੰਦਰ ਸਿੰਘ ਚੋਹਲਾ**

ਨਸਲਵਾਦ ਅਤੇ ਨਸਲੀ ਵਿਤਕਰਾ ਸਦੀਆਂ ਤੋ ਮਾਨਵੀ ਸਮਾਜ ਦਾ ਹਿੱਸਾ ਰਿਹਾ ਹੈ। ਰਾਜਾਸ਼ਾਹੀ ਦੇ ਯੁਗ ਵਿਚ ਰੰਗ ਭੇਦ ਅਤੇ ਨਸਲੀ ਵਿਤਕਰਾ ਰਾਜਕੀ ਸੰਸਥਾਵਾਂ ਦਾ ਸ਼ਕਤੀਸ਼ਾਲੀ ਹਥਿਆਰ ਰਿਹਾ ਹੈ। ਪਰ ਵਿਸ਼ਵ ਵਿਚ ਜਮਹੂਰੀ ਪ੍ਰਣਾਲੀ ਦੀ ਸਥਾਪਨਾ ਉਪਰੰਤ ਗੁਲਾਮ ਪ੍ਰਥਾ ਦੇ ਖਾਤਮੇ ਦੇ ਨਾਲ ਨਸਲਵਾਦ ਅਤੇ ਨਸਲੀ ਵਿਤਕਰੇ ਲਈ ਕੋਈ ਥਾਂ ਨਹੀ ਰਹੀ। ਜਮਹੂਰੀ ਪ੍ਰਬੰਧ ਹੇਠ ਨਸਲੀ ਵਿਤਕਰੇ ਨੂੰ ਇਕ ਸਜ਼ਾ ਯੋਗ ਅਪਰਾਧ ਮੰਨ ਲਿਆ ਗਿਆ। ਦੁਨੀਆ ਦੇ ਹਰ ਜਮਹੂਰੀਅਤ ਪਸੰਦ ਮੁਲਕ ਵਲੋ ਨਸਲੀ ਵਿਤਕਰੇ ਦੇ ਖਾਤਮੇ ਦੇ ਦਾਅਵੇ ਕੀਤੇ ਜਾਂਦੇ ਹਨ ਪਰ ਇਸਦੇ ਬਾਵਜੂਦ ਕਈ ਮੁਲਕਾਂ ਵਿਚ ਧਰਮ, ਜਾਤੀ ਜਾਂ ਨਸਲ ਦੇ ਆਧਾਰ ਉਪਰ ਘੱਟ ਗਿਣਤੀਆਂ ਖਿਲਾਫ ਜ਼ੁਲਮ ਅਤੇ ਨਸਲਕੁਸ਼ੀ ਦੀਆਂ ਘਟਨਾਵਾਂ ਪੇਸ਼ ਪੇਸ਼ ਰਹੀਆਂ ਹਨ। ਵਿਸ਼ਵ ਦੇ ਸ਼ਕਤੀਸ਼ਾਲੀ ਮੁਲਕ ਵਜੋ ਆਪਣੀ ਪਛਾਣ ਬਣਾਉਣ ਵਾਲੇ ਅਮਰੀਕਾ ਵਿਚ ਅੱਜ ਵੀ ਰੰਗ ਭੇਦ ਅਤੇ ਨਸਲੀ ਵਿਤਕਰੇ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਰਾਜਾਸ਼ਾਹੀ ਨੂੰ ਸੰਵਿਧਾਨਕ ਮਾਨਤਾ ਤੇ ਸਤਿਕਾਰ ਦੇਣ ਵਾਲੇ ਬਰਤਾਨੀਆ ਦਾ ਦਾਅਵਾ ਹੈ ਕਿ ਨਸਲਵਾਦ ਬੀਤ ਗਏ ਸਮਿਆਂ ਦੀ ਕੌੜੀ ਯਾਦ ਹੈ, ਨਸਲਵਾਦ ਅਮਰੀਕਾ ਵਿਚ ਤਾਂ ਹੋ ਸਕਦਾ ਹੈ, ਬ੍ਰਿਟੇਨ ਵਿਚ ਹਰਗਿਜ਼ ਨਹੀ। ਰਾਜਾਸ਼ਾਹੀ ਦੇ ਸਤਿਕਾਰ ਨਾਲ ਦੁਨੀਆ ਨੂੰ ਜਮਹੂਰੀ ਅਮਲ ਦੀ ਰਾਹ ਦਿਖਾਉਣ ਵਾਲੇ ਬਰਤਾਨੀਆ ਕਿੰਨੇ ਵੀ ਦਾਅਵੇ ਕਰੇ ਕਿ ਉਹ ਗੋਰੇ -ਕਾਲੇ ਦੇ ਰੰਗ ਭੇਦ ਭਾਵ ਤੋ ਉਪਰ ਉਠ ਚੁੱਕਾ ਹੈ ਪਰ ਸੱਚਾਈ ਇਹ ਹੈ ਕਿ ਰੰਗ ਭੇਦ ਦੀਆਂ ਰੂੜੀਵਾਦੀ ਸੋਚਾਂ ਦੀ ਸੜਾਂਦ ਅੱਜ ਵੀ ਨੱਕ ਘੁੱਟਣ ਲਈ ਮਜ਼ਬੂਰ ਕਰਦੀ ਹੈ।

ਬੀਤੇ ਦਿਨੀਂ ਬਰਤਾਨੀਆ ਦੇ ਸ਼ਾਹੀ ਪਰਿਵਾਰ ਦੀ ਛੋਟੀ ਨੂੰਹ ਨੇ ਰੰਗ ਭੇਦ ਅਤੇ ਨਸਲੀ ਵਿਤਕਰੇ ਬਾਰੇ ਜੋ ਖੁਲਾਸੇ ਕੀਤੇ ਹਨ ਉਸਨੇ ਦੁਨੀਆ ਵਿਚ ਨਸਲਵਾਦ ਉਪਰ ਮੁੜ ਇਕ ਤਿੱਖੀ ਬਹਿਸ ਛੇੜ ਦਿੱਤੀ ਹੈ। ਹਾਲੀਵੁੱਡ ਦੀ ਸਾਬਕਾ ਅਭਿਨੇਤਰੀ ਮੇਘਨ ਮਾਰਕਲ ਜਿਸਦੀ ਮਾਂ ਕਾਲੀ ਤੇ ਪਿਤਾ ਗੋਰਾ ਹੈ, ਨੇ ਸ਼ਾਹੀ ਪਰਿਵਾਰ ਦੇ ਛੋਟੇ ਫਰਜੰਦ ਪ੍ਰਿੰਸ ਹੈਰੀ ਨਾਲ 2018 ਵਿਚ ਪਿਆਰ ਵਿਆਹ ਕਰਵਾਇਆ ਸੀ। ਉਸਦੇ ਵਿਆਹ ਸਮੇਂ ਭਾਵੇਂਕਿ ਸ਼ਾਹੀ ਪਰਿਵਾਰ ਨੇ ਉਸਦਾ ਬਕਿੰਗਮ ਪੈਲੇਸ ਵਿਚ ਸ਼ਾਨਦਾਰ ਸਵਾਗਤ ਕੀਤਾ ਸੀ ਤੇ ਦੁਨੀਆ ਨੂੰ ਇਹ ਸੰਦੇਸ਼ ਦੇਣ ਦਾ ਯਤਨ ਕੀਤਾ ਸੀ ਕਿ ਸ਼ਾਹੀ ਪਰਿਵਾਰ ਦੀ ਸੋਚ ਬਹੁਤ ਉਚੀ ਤੇ ਸੁੱਚੀ ਹੈ। ਇੰਗਲੈਂਡ ਦੇ ਮੀਡੀਆ ਨੇ ਉਸ ਵੇਲੇ ਵੀ ਇਹ ਸ਼ੋਰ ਮਚਾਉਂਦਿਆਂ ਸਵਾਲ ਉਭਾਰੇ ਸਨ ਕਿ ਕੀ ਸ਼ਾਹੀ ਖਾਨਦਾਨ ਇਕ ਸਧਾਰਣ ਘਰ ਤੇ ਰੰਗਦਾਰ ਨਸਲ ਦੀ ਲੜਕੀ ਨੂੰ ਆਪਣੀ ਨੂੰਹ ਸਵੀਕਾਰ ਕਰੇਗਾ? ਬਕਿੰਗਮ ਪੈਲੇਸ ਵਲੋਂ ਮਹਾਰਾਣੀ ਐਲਿਜਬੈਥ ਨਾਲ ਮੇਘਨ ਮਾਰਕਲ ਤੇ ਪ੍ਰਿੰਸ ਹੈਰੀ ਦੇ ਵਿਆਹ ਅਤੇ ਰਿਸੈਪਸ਼ਨ ਦੀਆਂ ਤਸਵੀਰਾਂ ਜਾਰੀ ਕਰਦਿਆਂ ਮੀਡੀਆ ਦੇ ਸਵਾਲਾਂ ਦੇ ਜਵਾਬ ਦੇਣ ਦੀ ਕੋਸ਼ਿਸ਼ ਕੀਤੀ ਗਈ ਸੀ। ਦੁਨੀਆ ਨੂੰ ਲੱਗਾ ਕਿ ਸ਼ਾਹੀ ਪਰਿਵਾਰ ਨੇ ਇਕ ਸਧਾਰਣ ਤੇ ਰੰਗਦਾਰ ਕੁੜੀ ਨੂੰ ਆਪਣੀ ਨੂੰਹ ਸਵੀਕਾਰ ਲਿਆ ਹੈ। ਪਰ ਪਿਛਲੇ ਸਾਲ ਅਚਾਨਕ ਪ੍ਰਿੰਸ ਹੈਰੀ ਵਲੋ ਆਪਣੀ ਪਤਨੀ ਸਮੇਤ ਸ਼ਾਹੀ ਮਹਿਲ ਛੱਡਣ ਦਾ ਐਲਾਨ ਕਰਦਿਆਂ ਆਪਣੀਆਂ ਸ਼ਾਹੀ ਡਿਊਟੀਆਂ ਵੀ ਤਿਆਗਣ ਦਾ ਐਲਾਨ ਕੀਤਾ। ਉਸਨੇ ਆਪਣੀ ਪਤਨੀ ਤੇ ਨੰਨੇ ਬੱਚੇ ਸਮੇਤ ਕੈਨੇਡਾ ਜਾਂ ਅਮਰੀਕਾ ਵਿਚ ਵੱਸਣ ਦੀ ਇੱਛਾ ਜ਼ਾਹਰ ਕੀਤੀ। ਲੋਕ ਹੈਰਾਨ ਹੋਏ ਤੇ ਇਹ ਅਨੁਮਾਨ ਲਗਾਉਣ ਲੱਗੇ ਕਿ ਪ੍ਰਿੰਸ ਹੈਰੀ ਤੇ ਉਸਦੀ ਪਤਨੀ ਦੀਆਂ ਸ਼ਾਹੀ ਪਰਿਵਾਰ ਦੇ ਬੰਧਨਾਂ ਤੋ ਮੁਕਤ ਆਜ਼ਾਦ ਜ਼ਿੰਦਗੀ ਜਿਓਣ ਦੀਆਂ ਹਸਰਤਾਂ ਹਨ। ਸ਼ਾਹੀ ਜੋੜਾ ਕਰੋਨਾ ਮਹਾਂਮਾਰੀ ਦੌਰਾਨ ਵੀ ਮੀਡੀਆ ਦੀਆਂ ਸੁਰਖੀਆਂ ਬਟੋਰਦਾ ਹੋਇਆ ਸੁਰੱਖਿਆ ਕਾਰਣਾਂ ਕਰਕੇ ਕੈਨੇਡਾ ਤੋ ਅਮਰੀਕਾ ਤੇ ਫਿਰ ਵਾਪਿਸ ਬਰਤਾਨੀਆ ਪਰਤ ਗਿਆ। ਬਾਦ ਵਿਚ ਖੁਲਾਸਾ ਹੋਇਆ ਕਿ ਬਕਿੰਗਮ ਪੈਲੇਸ ਨੇ ਸ਼ਾਹੀ ਜੋੜੇ ਦੇ ਖਰਚਿਆਂ ਵਿਚ ਵੱਡੀ ਕਟੌਤੀ ਕਰਦਿਆਂ ਉਹਨਾਂ ਦਾ ਸੁਰੱਖਿਆ ਖਰਚ ਦੇਣੋ ਵੀ ਇਨਕਾਰ ਕਰ ਦਿੱਤਾ ਸੀ। ਪਰ ਹੁਣ ਜੋ ਸ਼ਾਹੀ ਨੂੰਹ ਨੇ ਸ਼ਾਹੀ ਪਰਿਵਾਰ ਖਿਲਾਫ ਨਸਲੀ ਵਿਤਕਰੇ ਅਤੇ ਉਸਨੂੰ ਮਾਨਸਿਕ ਤੌਰ ਤੇ ਪ੍ਰੇਸ਼ਾਨ ਕੀਤੇ ਜਾਣ ਦੇ ਦੋਸ਼ ਲਗਾਏ ਹਨ, ਉਹ ਬਹੁਤ ਗੰਭੀਰ ਹਨ। ਇਹਨਾਂ ਦੋਸ਼ਾਂ ਨੇ ਯਕੀਨਨ ਮਹਾਰਾਣੀ ਸਮੇਤ ਸ਼ਾਹੀ ਪਰਿਵਾਰ ਨੂੰ ਲੋਕ ਕਚਹਿਰੀ ਵਿਚ ਖੜਾ ਕਰ ਦਿੱਤਾ ਹੈ। ਪ੍ਰਸਿੱਧ ਮੀਡੀਆ ਹਸਤੀ ਓਪਰਾ ਵਿਨਫਰੇ ਵਲੋ ਕੀਤੀ ਗਈ ਇਕ ਵਿਸ਼ੇਸ਼ ਮੁਲਾਕਾਤ ਦੌਰਾਨ ਜਦੋ ਮੇਘਨ ਨੇ ਆਪਣੇ ਮਹਿਲ ਛੱਡਣ ਦਾ ਸਭ ਤੋ ਵੱਡਾ ਕਾਰਣ ਬਿਆਨ ਕੀਤਾ ਤਾਂ ਵਿਨਫਰੇ ਵੀ ਸਵਾਲ ਦੁਹਰਾਉਣੋ ਨਾ ਰਹੀ। ਮੇਘਨ ਦਾ ਕਹਿਣਾ ਹੈ ਕਿ ਸ਼ਾਹੀ ਪਰਿਵਾਰ ਦੇ ਇਕ ਮੈਂਬਰ ਨੇ ਉਸਦੇ ਗਰਭਵਤੀ ਹੋਣ ਸਮੇਂ ਜਨਮ ਲੈਣ ਵਾਲੇ ਬੱਚੇ ਦੇ ਕਾਲੇ ਰੰਗ ਦਾ ਹੋਣ ਸਬੰਧੀ ਪ੍ਰਗਟਾਏ ਗਏ ਖਦਸ਼ੇ ਨੇ ਉਸਨੂੰ ਸਭ ਤੋ ਵੱਧ ਪੀੜਾ ਪਹੁੰਚਾਈ ਸੀ। ਉਹ ਇਸ ਨਸਲੀ ਟਿਪਣੀ ਕਾਰਣ ਇਤਨੀ ਪ੍ਰੇਸ਼ਾਨ ਹੋਈ ਕਿ ਖੁਦਕੁਸ਼ੀ ਕਰ ਲੈਣ ਬਾਰੇ ਸੋਚਣ ਲੱਗੀ। ਇਸਤੋ ਵੀ ਅਗੇ ਉਸਦੇ ਨਵ ਜਨਮੇ ਬੱਚੇ ਆਰਚੀ ਨੂੰ ਪ੍ਰਿੰਸ ਦਾ ਖਿਤਾਬ ਨਹੀ ਦਿੱਤਾ ਗਿਆ। ਭਾਵੇਂਕਿ ਮੇਘਨ ਨੇ ਆਪਣੀ ਜੇਠਾਣੀ ਕੇਟ ਮਿਡਲਟਨ (ਪਤਨੀ ਪ੍ਰਿੰਸ ਵਿਲੀਅਮ) ਵਲੋ ਕੀਤੀ ਗਈ ਸ਼ਰੀਕੇਬਾਜ਼ੀ ਦੀਆਂ ਕੌੜੀਆਂ ਯਾਦਾਂ ਦੇ ਨਾਲ ਇਹ ਦੱਸਣ ਤੋਂ ਇਨਕਾਰ ਕਰ ਦਿੱਤਾ ਕਿ ਉਸਦੇ ਬੱਚੇ ਦੇ ਕਾਲਾ ਹੋਣ ਦੀਆਂ ਚਿੰਤਾਵਾਂ ਕਿਸ ਨੇ ਜ਼ਾਹਿਰ ਕੀਤੀਆਂ ਸਨ ਪਰ ਪ੍ਰਿੰਸ ਹੈਰੀ ਦਾ ਇਹ ਦੱਸਣਾ ਕਿ ਸ਼ਾਹੀ ਪਰਿਵਾਰ ਨੇ ਉਨ੍ਹਾਂ ਤੋਂ ਵਿੱਤੀ ਸਹਾਇਤਾ ਲਈ ਹੱਥ ਖਿੱਚ ਲਿਆ ਅਤੇ ਉਸ ਦੇ ਪਿਤਾ ਪ੍ਰਿੰਸ ਚਾਰਲਸ ਜੋਕਿ ਇਸ ਸਮੇਂ ਬਰਤਾਨਵੀ ਸਿੰਘਾਸਨ ਦੇ ਵਾਰਸ ਹਨ, ਨੇ ਤਾਂ ਉਸ ਦਾ ਫੋਨ ਸੁਣਨਾ ਵੀ ਬੰਦ ਕਰ ਦਿੱਤਾ ਸੀ। ਸਮਝਿਆ ਜਾ ਸਕਦਾ ਹੈ ਕਿ ਸ਼ਾਹੀ ਪਰਿਵਾਰ ਉਸਦੇ ਇਕ ਸਧਾਰਣ ਤੇ ਰੰਗਦਾਰ ਕੁੜੀ ਨਾਲ ਵਿਆਹ ਕਰਵਾਉਣ ਦੇ ਫੈਸਲੇ ਤੇ ਕਿੰਨਾ ਨਾਰਾਜ਼ ਸੀ। ਇਸ ਸਬੰਧੀ ਬ੍ਰਕਿੰਗਮ ਪੈਲੇਸ ਨੇ ਆਪਣੀ ਪ੍ਰਤੀਕਿਰਿਆ ਦਿੰਦਿਆਂ ਕਿਹਾ ਹੈ ਕਿ ਸ਼ਾਹੀ ਪਰਿਵਾਰ ਉਪਰ ਨਸਲਵਾਦ ਦੇ ਦੋਸ਼ ਠੀਕ ਨਹੀਂ ਹਨ। ਸ਼ਾਹੀ ਜੋੜਾ ਸ਼ਾਹੀ ਪਰਿਵਾਰ ਲਈ ਅਤਿ ਪਿਆਰਾ ਹੈ। ਸ਼ਾਹੀ ਪਰਿਵਾਰ ਦੇ ਸਪੱਸ਼ਟੀਕਰਣ ਦੇ ਬਾਵਜੂਦ ਮੀਡੀਆ ਵਿਚ ਸ਼ਾਹੀ ਪਰਿਵਾਰ ਉਪਰ ਨਸਲਵਾਦੀ ਹੋਣ ਦੇ ਦੋਸ਼ਾਂ ਦੀ ਵਿਆਪਕ ਚਰਚਾ ਹੈ। ਫਰਾਂਸ ਦੇ ਪ੍ਰਸਿੱਧ ਮੈਗਜ਼ੀਨ "ਚਾਰਲੀ ਹੈਬਦੋ" ਨੇ ਤਾਂ ਇਸਨੂੰ ਅਮਰੀਕਾ ਵਿਚ ਨਸਲਵਾਦ ਦਾ ਸ਼ਿਕਾਰ ਹੋਏ ਜੌਰਜ ਫਲਾਇਡ ( ਜਿਸਨੂੰ ਇਕ ਪੁਲਿਸ ਅਫਸਰ ਨੇ ਧੌਣ ਉਪਰ ਗੋਡਾ ਦੇਕੇ ਮਾਰ ਦਿੱਤਾ ਸੀ) ਦੀ ਘਟਨਾ ਨਾਲ ਜੋੜਦਿਆਂ ਮੁੱਖ ਪੰਨੇ ਉਪਰ ਇਕ ਕਾਰਟੂਨ ਛਾਪ ਦਿੱਤਾ ਹੈ। ਜਿਸ ਵਿਚ ਮਹਾਰਾਣੀ ਐਲਿਜਾਬੈਥ ਦਾ ਗੋਡਾ ਮੇਘਨ ਮਾਰਕਰ ਦੀ ਧੌਣ ਉਪਰ ਵਿਖਾਇਆ ਗਿਆ ਹੈ। ਹੈਡਿੰਗ ਦਿੱਤਾ ਹੈ ' ਮੇਘਨ ਨੇ ਬਕਿੰਗਮ ਪੈਲੇਸ ਕਿਉ ਛੱਡਿਆ? ਜਵਾਬ ਵਿਚ ਮੇਘਨ ਕਹਿ ਰਹੀ ਹੈ ਕਿ " ਮੈਨੂੰ ਹੁਣ ਸਾਹ ਨਹੀ ਆ ਰਿਹਾ" ਇਸ ਕਾਰਟੂਨ ਦੇ ਪੱਖ ਅਤੇ ਵਿਰੋਧ ਵਿਚ ਵੀ ਮੀਡੀਆ ਹੋ ਹੱਲਾ ਜਾਰੀ ਹੈ।

ਇਸਦੇ ਨਾਲ ਹੀ ਸ਼ਾਹੀ ਪਰਿਵਾਰ ਦੀ ਅਜੋਕੀ ਜਮਹੂਰੀ ਪ੍ਰਣਾਲੀ ਵਿਚ ਭੂਮਿਕਾ ਉਪਰ ਵੀ ਸਵਾਲ ਉਠਣ ਲੱਗੇ ਹਨ। ਕੈਨੇਡਾ ਜਿਸਦੀ ਕਿ ਸੰਵਿਧਾਨਕ ਮੁਖੀ ਮਹਾਰਾਣੀ ਹੈ ਤੇ ਹਰ ਨਾਗਰਿਕ ਨੂੰ ਰਾਣੀ ਦੇ ਨਾਮ ਦੀ ਸਹੁੰ ਲੈਣੀ ਪੈਂਦੀ ਹੈ, ਦੇ ਕੈਨੇਡੀਅਨ ਜਮਹੂਰੀਅਤ ਵਿਚ ਸਥਾਨ ਬਾਰੇ ਮੁੜ ਚਰਚਾ ਹੋਣ ਲੱਗੀ ਹੈ। ਪ੍ਰਧਾਨ ਮੰਤਰੀ ਟਰੂਡੋ ਦਾ ਕਹਿਣਾ ਹੈ ਕਿ ਸ਼ਾਹੀ ਨੂੰਹ ਨਾਲ ਨਸਲਵਾਦ ਦੀ ਘਟਨਾ ਉਪਰੰਤ ਰਾਜਾਸ਼ਾਹੀ ਦੇ ਭਵਿੱਖ ਅਤੇ ਸੰਵਿਧਾਨਕ ਤਬਦੀਲੀ ਬਾਰੇ ਚਰਚਾ ਕੋਵਿਡ ਮਹਾਂਮਾਰੀ ਦੇ ਚਲਦਿਆਂ ਸੰਭਵ ਨਹੀ। ਜਦੋਕਿ ਕਿਊਬੇਕ ਆਗੂਆਂ ਅਤੇ ਐਨ ਡੀ ਪੀ ਆਗੂ ਜਗਮੀਤ ਸਿੰਘ ਨੇ ਖੁੱਲਕੇ ਰਾਜਾਸ਼ਾਹੀ ਦੇ ਖਾਤਮੇ ਦੀ ਮੰਗ ਕੀਤੀ ਹੈ। ਪਿਛਲੇ ਸਮੇ ਦੌਰਾਨ ਕੈਨੇਡੀਅਨ ਨਾਗਰਿਕਤਾ ਦੇ ਚਾਹਵਾਨ ਕਈ ਲੋਕ ਨਾਗਰਿਕਤਾ ਹਲਫ ਸਮੇਂ ਰਾਣੀ ਦੇ ਨਾਮ ਦੀ ਸਹੁੰ ਚੁੱਕਾਏ ਜਾਣ ਦੀ ਸ਼ਰਤ ਹਟਾਏ ਜਾਣ ਦੀ ਮੰਗ ਕਰਦੇ ਆ ਰਹੇ ਹਨ। ਨਸਲਵਾਦ ਖਿਲਾਫ ਕੈਨੇਡਾ ਦੀ ਮੋਹਰੀ ਭੂਮਿਕਾ ਕਾਰਣ ਰਾਜਾਸ਼ਾਹੀ ਨੂੰ ਨਕਾਰਨ ਲਈ ਸੰਵਿਧਾਨਕ ਤਬਦੀਲੀ ਦੀ ਮੁਹਿੰਮ ਨੂੰ ਬਲ ਮਿਲਣ ਦੇ ਆਸਾਰ ਹਨ।


CAN-AM LUMBER MILL

WE CAN NOW SUPPLY COMPLETE HOME PACKAGE

Engineered Floor Joists, Roof Trusses

All the Framing lumber, Plywoods for Floors, Walls & Roof

Always Low Prices

2X6X8' Kiln Dry Fir $4.95 EA

1X4 Red Cedar 10' $2.95 EA

4X8X3/8" Paint Grade Plywood $21.95 EA

4X8X1/2" Paint Grade Plywood $29.95 EA

*APNA PUNJABI LUMBER YARD*

RING: MALKIT OR SAM SANGHA

604-580-1415

11635 130th St., Surrey, FAX: 604-580-1528

Email: can-ambuildingsupply@shaw.ca

We Deliver to Your Job Site

(Even to the Moon)

"Where the Builders Buy"

HOMELAND MORTGAGE CORP.

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)

Professional & Experienced

MORTGAGE CONSULTANTS

Ph: 604-593-6622

Fax: 604-593-6615

Unit 204 - 7928 128 St.

(York Business Centre) Surrey



HARDEV SINGH GREWAL
Mortgage Consultant
Cell: 604-500-3920

www.homelandmortgage.ca,
homelandmortgage@hotmail.com




KULDIP S PANESAR
Senior Mortgage Advisor
Cell: 604-308-6839

# ਪੰਜਾਬੀ ਲਿਖਾਰੀ ਸਭਾ ਸਿਆਟਲ (ਯੂ.ਐਸ.ਏ.) ਦਾ ਜ਼ੂਮ ਰਾਹੀਂ ਕੂੰਜਾਂ ਦੀ ਪਰਵਾਜ਼-3 ਸਫਲ ਪ੍ਰੋਗਰਾਮ

ਸਿਆਟਲ (ਮੰਗਤ ਕੁਲਜਿੰਦ) ਕੋਰੋਨਾ ਮਹਾਂਮਾਰੀ ਦੇ ਫੈਲਾਅ ਨੂੰ ਰੋਕਣ ਲਈ ਸਮਾਜਿਕ-ਦੂਰੀ ਬਣਾ ਕੇ ਰੱਖਦਿਆਂ ਆਪਣੇ ਸਾਹਿਤਕ ਉਦੇਸ਼ਾਂ ਦੀ ਪੂਰਤੀ ਲਈ ਕੀਤੇ ਜਾਂਦੇ ਯਤਨਾਂ ਦੇ ਤਹਿਤ ਜੇ ਬੀ ਸਿੰਘ ਦੀ ਪ੍ਰਧਾਨਗੀ ਹੇਠ, ਨਵੀਆਂ ਪੁੰਗਰਦੀਆਂ ਕਵਿੱਤਰੀਆਂ ਦੀ ਕਾਬਲੀਅਤ ਨੂੰ ਦੁਨੀਆਂ ਦੇ ਸਨਮੁੱਖ ਕਰਨ ਲਈ ਤੋਰੀ ਗਈ ਲੜੀ 'ਕੂੰਜਾਂ ਦੀ ਪਰਵਾਜ਼' ਦੇ ਤਹਿਤ ਤੀਸਰਾ ਕਾਵਿ-ਦਰਬਾਰ 'ਪੰਜਾਬੀ ਲਿਖਾਰੀ ਸਭਾ ਸਿਆਟਲ (ਵਾਸ਼ਿੰਗਟਨ, ਅਮਰੀਕਾ) ਨੇ ਇਸ ਸ਼ਨੀਵਾਰ, ਅਮਰੀਕਾ, ਕੈਨੇਡਾ, ਭਾਰਤ ਆਦਿ ਦੇਸ਼ਾਂ ਦੀਆਂ ਔਰਤ ਲੇਖਿਕਾਵਾਂ ਨੂੰ ਲੈਕੇ 'ਜ਼ੂਮ-ਯੂ ਐਸ' ਤਕਨੀਕ ਦੇ ਰਾਹੀਂ ਕਰਵਾਇਆ। ਸਾਰੇ ਦੇਸ਼ਾਂ ਦੇ ਵੱਖ ਵੱਖ ਟਾਈਮ ਨੂੰ ਇਕਮਿਕ ਕਰਦਿਆਂ ਲੱਗ ਭੱਗ ਤਿੰਨ ਘੰਟਿਆਂ ਤੱਕ ਇਹ ਅੰਤਰਰਾਸ਼ਟਰੀ ਕਾਵਿ -ਦਰਬਾਰ ਚੱਲਿਆ। ਲਿਖਾਰੀ ਸਭਾ ਦੇ ਫੇਸਬੁੱਕ ਪੇਜ ਉੱਤੇ ਇਸ ਸਮਾਗਮ ਦਾ ਸਿੱਧਾ ਪ੍ਰਸਾਰਣ ਵੀ ਕੀਤਾ ਗਿਆ ਅਤੇ ਹੁਣ ਵੀ ਵੇਖਿਆ ਜਾ ਸਕਦਾ ਹੈ। ਅੱਜ ਦੇ ਪ੍ਰੋਗਰਾਮ ਨੂੰ ਸ਼ੁਰੂ ਕਰਦਿਆਂ ਸਭਾ ਦੇ ਪ੍ਰਧਾਨ ਡਾ.ਜੇ.ਬੀ. ਸਿੰਘ ਨੇ ਔਰਤ ਵੱਲੋਂ ਕੀਤੇ ਗਏ ਅੰਤਰਰਾਸ਼ਟਰੀ ਪੱਧਰ ਦੇ ਸਫਲ ਸੰਘਰਸ਼ਾਂ ਦੀ ਗੱਲ ਕੀਤੀ ।ਇਸ ਉਪਰੰਤ ਪ੍ਰੋਗਰਾਮ 'ਚ ਸ਼ਿਰਕਤ ਕਰ ਰਹੀਆਂ ਲੇਖਿਕਾਵਾਂ ਤਰਵਿੰਦਰ ਕੌਰ ਈਡੇਕ,ਲੇਖਿਕਾ ਸ਼ਰਮਾ, ਅਮਰਦੀਪ ਕੌਰ, ਮਨਜਿੰਦਰ ਕੌਰ ਕੰਗ, ਰੂਹਾਨੀ ਸ਼ਰਮਾ, ਇੰਦਰਜੀਤ ਕੌਰ, ਪ੍ਰਭਜੋਤ ਪ੍ਰਭ, ਰੁਪਿੰਦਰ ਕੌਰ ਮਹਿਕ ਕੁਰਕਸ਼ੇਤਰ, ਸੁਖ ਸੁਖਵਿੰਦਰ ਕੌਰ, ਸਵਰਨਜੀਤ ਕੌਰ ਢਿਲੋਂ,ਸਰਬਜੀਤ ਕੌਰ ਸਹੋਤਾ,ਸਵਰਨਜੀਤ ਕੌਰ ਢਿੱਲੋਂ, ਰੇਨੂੰ ਜੁਲਕਾ ਮੈਨੀ,ਨਵਜੀਤ ਕੌਰ ਅੰਮ੍ਰਿਤਸਰ, ਰਾਜਿੰਦਰ ਰਾਣੀ ਗੰਢੂਆਂ,ਸਰਬਜੀਤ ਕੌਰ ,ਜਸਵਿੰਦਰ ਕੌਰ ਜੱਸੀ,ਡਾ.ਕਮਲਪ੍ਰੀਤ ਕੌਰ ਸੰਧੂ ਆਦਿ ਨਵ ਅਤੇ ਸਥਾਪਿਤ ਕਵਿਤਰੀਆਂ ਨੇ, ਮਾਂ ਬੋਲੀ ਪੰਜਾਬੀ,ਔਰਤ ਦੇ ਸੁਪਨੇ ,ਮਾਂ, ਜ਼ਿੰਦਗੀ ਦੇ ਰੂਹਾਨੀ ਰੰਗ, ਰਿਸ਼ਤਿਆਂ ਦੀ ਦਾਸਤਾਨ, ਕੁਦਰਤ ਦੇ ਰੰਗ, ਮਿੱਟੀ, ਬਚਪਨ,ਸ਼ਾਇਰਾਂ ਦੀਆਂ ਬਾਤਾਂ ਅਤੇ ਅੱਜ ਦੇ ਕਿਸਾਨੀ ਮਸਲੇ ਆਦਿ ਵੱਖ ਵੱਖ ਵਿਸ਼ਿਆਂ ਨੂੰ ਵੱਖ ਵੱਖ ਐਂਗਲਾਂ ਤੋਂ ਸ਼ਬਦਾਂ ਵਿੱਚ ਪਰੋਅ ਕੇ ਕਵਿਤਾਵਾਂ ਉਚਾਰੀਆਂ ਵੀ ਅਤੇ ਤਰੰਨਮ ਵਿੱਚ ਪੇਸ਼ ਵੀ ਕੀਤੀਆਂ ।ਜਿੱਥੇ ਨਵੀਆਂ ਕਵਿੱਤਰੀਆਂ ਦੀਆਂ ਰਚਨਾਵਾਂ ਬਦਲਦੇ ਹਾਲਾਤਾਂ ਨੂੰ ਆਪਣੇ ਕਲਾਵੇ 'ਚ ਲੈਂਦੀਆਂ ਨਵੀਆਂ ਸੰਭਾਵਨਾਵਾਂ ਉਜਾਗਰ ਕਰ ਰਹੀਆਂ ਸਨ ਉਥੇ ਬਾਕੀ ਲੇਖਿਕਾਵਾਂ ਦੀਆਂ ਰਚਨਾਵਾਂ ਵਿੱਚ ਪ੍ਰਪੱਕਤਾ ਉਜਾਗਰ ਹੋ ਰਹੀ ਸੀ।ਲੋਕ ਭਲਾਈ ਦੀਆਂ ਕਈ ਸੰਸਥਾਵਾਂ ਨਾਲ ਜੁੜੇ ਅਤੇ ਸਭਾ ਦੇ ਸਤਿਕਾਰਿਤ,ਵਿਦਵਾਨ ਅਤੇ ਮੁਢਲੇ ਮੈਂਬਰ ਡਾ. ਪ੍ਰੇਮ ਕੁਮਾਰ ਜੀ ਨੇ ਆਪਣੀ ਪ੍ਰਤੀਕਿਰਿਆ ਜ਼ਾਹਰ ਕਰਦਿਆਂ ਖ਼ੁਸ਼ੀ ਪ੍ਰਗਟ ਕੀਤੀ ਕਿ ਅੱਜ ਔਰਤ ਬੜੇ ਸੰਘਰਸ਼ਾਂ ਤੋਂ ਬਾਅਦ ਆਪਣੀ ਸ਼ਕਤੀ ਪਛਾਨਣ ਦੇ ਸਮੱਰਥ ਹੋਈ ਹੈ।ਸੁਖਬੀਰ ਬੀਹਲਾ ਜੀ ਨੇ ਆਪਣੇ ਵਿਚਾਰ ਦੱਸਦਿਆਂ ਕਿਹਾ ਕਿ ਇਹਨਾਂ ਕਵਿਤਾਵਾਂ ਨੂੰ ਸੁਣਕੇ ਲੱਗਦੈ ਕਿ ਔਰਤ ਲਈ ਫਿਲਾਸਫੀ ਦਾ ਵਿਸ਼ਾ ਅਛੂਤਾ ਨਹੀਂ ਹੈ ਭਾਵੇਂ ਅੱਜ ਜਾਗਰਤ ਹੋ ਚੁੱਕੀ ਨਾਰੀ ਦੀ ਕਲਮ 'ਚ ਕ੍ਰਾਂਤੀ ਦੀ ਸੁਰ ਭਾਰੂ ਹੁੰਦੀ ਹੈ॥ਜੁਝਾਰਵਾਦੀ ਵਿਚਾਰਾਂ ਦੀ ਸਮਰਥਕ ਵਿਦਵਾਨ ਲੇਖਿਕਾ ਪਰਮਿੰਦਰ ਵੜੈਚ ਜੀ ਨੇ ਔਰਤ ਦੇ ਸਾਹਿਤ ਸਿਰਜਣਾ ਲਈ ਵੱਧਦੇ ਕਦਮਾਂ ਤੇ ਖ਼ੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਲਿਖਣਕਲਾ 'ਚ ਪ੍ਰਪੱਕਤਾ ਲਿਆਉਣ ਲਈ ਵੱਧ ਤੋਂ ਵੱਧ ਪੜ੍ਹਣ ਦੀ ਜ਼ਰੂਰਤ ਹੈ।ਜਦੋਂ ਕਿ ਕੈਨੇਡਾ ਤੋਂ ਅੱਜ ਦੇ ਪ੍ਰੋਗਰਾਮ 'ਚ ਹਾਜ਼ਰੀ ਲਵਾ ਰਹੀ ਉਘੀ ਲੇਖਿਕਾ ਜਸਵੀਰ ਮੰਗੂਵਾਲ ਨੇ ਕਿਹਾ ਕਿ ਤਾਂ ਹੀ ਇਕ ਨਿੱਗਰ ਸਮਾਜ ਦੀ ਸਿਰਜਣਾ ਹੋ ਸਕਦੀ ਹੈ ਜੇਕਰ ਔਰਤ ਨੂੰ ਬਰਾਬਰ ਦੀ ਹਿੱਸੇਦਾਰ ਬਣਾਇਆ ਜਾਵੇ।ਵਿਅੰਗਕਾਰ ਮੰਗਤ ਕੁਲਜਿੰਦ(ਸੰਪਾਦਕ ਸ਼ਬਦ ਤ੍ਰੰਜਣ)ਨੇ ਕਵਿੱਤਰੀਆਂ ਦੀ ਸਿਰਜਣਾ ਅਤੇ ਪੇਸ਼ਕਾਰੀ ਲਈ ਉਹਨਾਂ ਨੂੰ ਵਧਾਈ ਦਿੱਤੀ ਅਤੇ ਅਜਿਹੇ ਪ੍ਰਭਾਵਸ਼ਾਲੀ ਪ੍ਰੋਗਰਾਮ ਕਰਵਾਉਣ ਲਈ ਸਭਾ ਦਾ ਧੰਨਵਾਦ ਕੀਤਾ-।ਤਨੋ ਮਨੋਂ ਸਭਾ ਦੇ ਕੰਮਾਂ ਲਈ ਸਮਰਪਿਤ ਜ.ਸਕੱਤਰ ਬਲਿਹਾਰ ਸਿੰਘ ਲੇਹਲ ਨੇ ਪਹਿਲਾਂ ਵਾਲੇ ਪ੍ਰੋਗਰਾਮਾਂ ਦੀ ਤਰ੍ਹਾਂ ਅੱਜ ਦੇ ਪ੍ਰੋਗਰਾਮ ਨੂੰ ਖ਼ੂਬਸੂਰਤ ਢੰਗ ਨਾਲ ਪੇਸ਼ ਕਰਦਿਆਂ ਰੌਚਕਤਾ ਨੂੰ ਬਣਾਈ ਰੱਖਿਆ।ਜ਼ਾਲਮ ਸਰਕਾਰਾਂ ਨੂੰ ਕਵਿਤਾਵਾਂ ਰਾਹੀਂ ਲਾਹਣਤਾਂ ਪਾਉਣ ਵਾਲੀ, ਗਿਦੜਬਾਹਾ(ਪੰਜਾਬ) ਤੋਂ ਰਮਨਦੀਪ ਕੌਰ ਰੰਮੀ ਦਾ 'ਕੂੰਜਾਂ ਦੀ ਪਰਵਾਜ਼' ਪ੍ਰੋਗਰਾਮਾਂ ਦੀ ਸਫਲਤਾ ਵਿੱਚ ਸਹਿਯੋਗ ਸਦਾ ਹੀ ਕਾਬਲੇ ਤਾਰੀਫ ਹੈ ਉਥੇ ਔਰਤਾਂ ਦੇ ਜਜ਼ਬਾਤਾਂ ਨੂੰ ਡੂੰਘਾਈਆਂ 'ਚੋਂ ਸਮਝਣ ਦੀ ਮਾਹਿਰ ਡਾ. ਕਮਲਪ੍ਰੀਤ ਕੌਰ ਸੰਧੂ ਦੀਆਂ ਸ਼ੁਭ ਕਾਮਨਾਵਾਂ ਨੇ ਇਸ ਪ੍ਰੋਗਰਾਮ ਦੀ ਸਫਲਤਾ ਨੂੰ ਬਲ ਬਖਸ਼ਿਆ। ਨਵੇਂ ਰੰਗਾਂ ਅਤੇ ਨਵੇਂ ਕੈਨਵਸਾਂ ਦੀ ਚਾਹਤ ਵਾਲੀ ਸਤਵੀਰ ਕੌਰ ਰਾਜੇਆਣਾ,ਆਸਟਰੇਲੀਆ ਵਿੱਚ ਮਾਂ ਬੋਲੀ ਦੀ ਸੇਵਾ ਕਰ ਰਹੀ ਜੈਸਮੀਨ ਪੰਨੂੰ, ਸਭਾ ਦੇ ਸਤਿਕਾਰਿਤ ਅਹੁਦੇਦਾਰ ਸ਼ਿੰਗਾਰ ਸਿੰਘ ਸਿਧੂ ਅਤੇ ਜਸਵਿੰਦਰ ਕੌਰ ਲ੍ਹੇਲ ਦੀਆਂ ਸ਼ੁਭ ਕਾਮਨਾਵਾਂ ਨਾਲ ਨਾਲ ਚੱਲ ਰਹੀਆਂ ਸਨ।




## ਬੀ.ਸੀ. ਸੁਪਰੀਮ ਕੋਰਟ ਵੱਲੋਂ ਬਰਾਇਨ ਯੰਗ ਦੀ ਬੌਬ ਚੀਮਾ ਖ਼ਿਲਾਫ਼ ਅਪੀਲ ਰੱਦ

[ਸਫ਼ਾ 1 ਦੀ ਬਾਕੀ]

ਲੋਕਾਂ ਵਿਚ ਭਰੋਸੇਯੋਗਤਾ ਅਤੇ ਇਮਾਨਦਾਰੀ ਉੱਪਰ ਨਿਰਭਰ ਕਰਦਾ ਹੈ। ਉਸਨੇ ਆਪਣੀ ਵਿਸ਼ਵਾਸ ਯੋਗਤਾ ਦੀ ਸੁਰੱਖਿਆ ਲਈ ਇਹ ਮਾਨਹਾਨੀ ਦਾ ਕੇਸ ਕੀਤਾ ਹੈ ਜੋ ਕਿਸੇ ਦੇ ਵਿਅਕਤੀਗਤ ਪ੍ਰਗਟਾਵੇ ਦੀ ਆਜ਼ਾਦੀ ਨਾਲ ਮਿਲਾਇਆ ਨਹੀਂ ਜਾ ਸਕਦਾ। ਬੌਬ ਚੀਮਾ ਨੇ ਆਪਣੇ ਬਿਆਨ ਵਿਚ ਕਿਹਾ ਹੈ ਕਿ ਉਹ ਦਹਾਕਿਆਂ ਤੋਂ ਆਪਣਾ ਬਿਜਨੈੱਸ ਭਾਈਚਾਰੇ ਦੇ ਸਹਿਯੋਗ ਨਾਲ ਪੂਰੀ ਇਮਾਨਦਾਰੀ ਨਾਲ ਚਲਾਉਂਦਾ ਆ ਰਿਹਾ ਹੈ। ਮੈਂ ਖ਼ੁਸ਼ ਹਾਂ ਕਿ ਅਦਾਲਤ ਨੇ ਮੈਨੂੰ ਆਪਣੀ ਭਰੋਸੇਯੋਗਤਾ ਅਤੇ ਵਿਰਾਸਤ ਨੂੰ ਬਚਾਉਣ ਲਈ ਮੇਰੇ ਹੱਕ ਨੂੰ ਮਾਨਤਾ ਦਿੱਤੀ ਹੈ। ਬਰਾਇਨ ਯੰਗ ਵੱਲੋਂ ਆਪਣੇ ਦੋਸ਼ਾਂ ਲਈ ਮੁਆਫੀ ਮੰਗੇ ਜਾਣ ਤੋਂ ਇਨਕਾਰ ਕਰਨ ਤੇ ਮੈਨੂੰ ਅਦਾਲਤ ਦਾ ਸਹਾਰਾ ਲੈਣਾ ਪਿਆ ਹੈ ਤੇ ਅਦਾਲਤ ਦੇ ਇਸ ਫੈਸਲੇ ਨੇ ਮੈਨੂੰ ਮੇਰੇ ਸਨਮਾਨ ਬਹਾਲੀ ਲਈ ਇਕ ਮੌਕਾ ਪ੍ਰਦਾਨ ਕੀਤਾ ਹੈ। ਅਦਾਲਤ ਨੇ ਯੰਗ ਦੀ ਇਸ ਦਲੀਲ ਨਾਲ ਸਹਿਮਤੀ ਨਹੀਂ ਜਿਤਾਈ ਕਿ ਉਸਨੇ ਇਹ ਸਭ ਕੁੱਝ ਜਨਤਕ ਹਿੱਤ ਲਈ ਕੀਤਾ ਹੈ। ਅਦਾਲਤ ਨੇ ਕਿਹਾ ਹੈ ਕਿ ਉਹ ਅਜਿਹਾ ਬਾਹਰੀ ਵਿਅਕਤੀ ਹੈ ਜਿਸ ਪਾਸ ਜਨਤਕ ਹਿੱਤ ਲਈ ਕੋਈ ਗਿਆਨ ਜਾਂ ਜਾਣਕਾਰੀ ਸੀ ਜਿਸ ਨੂੰ ਨਸ਼ਰ ਕਰਨਾ ਉਸਦੀ ਕੋਈ ਡਿਊਟੀ ਸੀ। ਜ਼ਿਕਰਯੋਗ ਹੈ ਕਿ ਸਰੀ ਸਿਟੀ ਕੌਂਸਲ ਦੀ ਚੋਣ ਲੜਨ ਵਾਲੇ ਬਰਾਇਨ ਯੰਗ ਨੇ ਕੁੱਝ ਅਜਿਹੇ ਟਵੀਟ ਕੀਤੇ ਸਨ ਤੇ ਬਿਆਨ ਦਿੱਤੇ ਸਨ ਕਿ ਬਿਜਨੈੱਸਮੈਨ ਬੌਬ ਚੀਮਾ ਸਿਟੀ ਦੇ ਕੰਮਾਂ ਵਿਚ ਅਣਅਧਿਕਾਰਤ ਦਖਲ ਦੇ ਰਿਹਾ ਹੈ। ਉਸਨੇ ਦੋਸ਼ ਲਗਾਇਆ ਸੀ ਕਿ ਚੀਮਾ ਨੇ ਉਸ ਨੂੰ ਕਿਹਾ ਸੀ ਕਿ ਉਹ ਸਰੀ ਪੁਲਿਸ ਦਾ ਨਵਾਂ ਚੀਫ ਵੈਨਕੂਵਰ ਪੁਲਿਸ ਦੇ ਇਕ ਅਫਸਰ ਨੂੰ ਲਗਵਾ ਰਿਹਾ ਹੈ। ਅਦਾਲਤ ਨੇ ਕਿਹਾ ਹੈ ਕਿ ਪੁਲਿਸ ਨਿਯੁਕਤੀਆਂ ਦੀ ਆਪਣੀ ਇਕ ਕਾਨੂੰਨੀ ਪ੍ਰਿਕਿਰਿਆ ਹੈ, ਜਿਸ ਵਿਚ ਕਿਸੇ ਦਾ ਦਖਲ ਅਸੰਭਵ ਹੈ।






# ਵੱਡੀਆਂ ਟੈਲੀਕਾਮ ਕੰਪਨੀਆਂ ਦਾ ਮੁਨਾਫਾ ਵਧਾਉਣ ਦੇ ਚੱਕਰ ਵਿਚ ਪੈਣਗੀਆਂ-ਐਨ.ਡੀ.ਪੀ.

ਓਟਵਾ-ਰੌਜ਼ਰ ਕਮਿਊਨੀਕੇਸ਼ਨਸ ਤੇ ਸ਼ਾਅ ਕਮਿਊਨੀਕੇਸ਼ਨਸ ਵਲੋਂ ਆਪਣੇ ਸੌਦੇ ਦਾ ਐਲਾਨ ਕਰਨ ਪਿੱਛੋਂ ਐਨਡੀਪੀ ਦੇ ਨੇਤਾ ਜਗਮੀਤ ਸਿੰਘ ਨੇ ਕਿਹਾ ਕਿ ਕੈਨੇਡਾ ਦੀਆਂ ਦੋ ਸਭ ਤੋਂ ਵੱਡੀਆਂ ਕੰਪਨੀਆਂ ਨੂੰ 26 ਅਰਬ ਡਾਲਰ ਦੇ ਰਲੇਵੇਂ ਦੀ ਇਜਾਜ਼ਤ ਦੇਣ ਨਾਲ ਕੈਨੇਡੀਅਨਾਂ ਦੇ ਸਿਰ 'ਤੇ ਕੇਵਲ ਵੱਡੀਆਂ ਟੈਲੀਕਾਮ ਕੰਪਨੀਆਂ ਨੂੰ ਮੁਨਾਫਾ ਵਧਾਉਣ ਵਿਚ ਮਦਦ ਮਿਲੇਗੀ। ਸਿੰਘ ਨੇ ਇਕ ਬਿਆਨ ਵਿਚ ਕਿਹਾ ਕਿ ਉਸ ਸਮੇਂ ਵੱਡੀਆਂ ਟੈਲੀਕਾਮ ਕੰਪਨੀਆਂ ਅੱਗੇ ਵਧ ਰਹੀਆਂ ਤੇ ਮੋਟਾ ਮੁਨਾਫਾ ਕਮਾ ਰਹੀਆਂ ਹਨ ਜਦੋਂ ਬਹੁਤੇ ਪਰਿਵਾਰ ਗੁਜ਼ਾਰਾ ਕਰਨ ਲਈ ਸੰਘਰਸ਼ ਕਰ ਰਹੇ ਹਨ। ਕੈਨੇਡਾ ਦੇ ਦੋ ਵੱਡੇ ਪ੍ਰੋਵਾਈਡਰਾਂ ਦੇ ਰਲੇਵੇਂ ਨਾਲ ਇਹ ਸਥਿਤੀ ਹੋਰ ਬਦਤਰ ਹੋ ਜਾਵੇਗੀ। ਕੰਸਰਵੇਟਿਵ ਜੌਬਸ ਤੇ ਇੰਡਸਟਰੀ ਆਲੋਚਕ ਪੀਅਰੇ ਪੋਲੀਵਰੇ ਨੇ ਇਕ ਬਿਆਨ ਵਿਚ ਕਿਹਾ ਕਿ ਪ੍ਰਸਤਾਵਤ ਰਲੇਵੇਂ ਬਾਰੇ ਕਈ ਵਿਚਾਰ ਹਨ ਜਿਨ੍ਹਾਂ ਦਾ ਅਧਿਐਨ ਕੀਤਾ ਜਾਣਾ ਜ਼ਰੂਰੀ ਹੈ।

# ਕਿਲਬਰਗਰ ਭਰਾਵਾਂ ਨੇ ਵੂਈ ਚੈਰਿਟੀ ਦਾ ਕੀਤਾ ਬਚਾਅ-ਕਮੇਟੀ ਦੀ ਸੁਣਵਾਈ ਨੂੰ ਰਾਜਸੀ ਟਰਾਇਲ ਦੱਸਿਆ

ਓਟਵਾ-ਕਰੈਗ ਤੇ ਮਾਰਕ ਕਿਲਬਰਗਰ ਦਾ ਕਹਿਣਾ ਕਿ ਸੰਸਦੀ ਕਮੇਟੀ ਵਲੋਂ ਵੂਈ ਚੈਰਿਟੀ ਦਾ ਅਧਿਐਨ ਕਰਨਾ ਇਕ ਰਾਜਨੀਤਕ ਟਰਾਇਲ ਤੋਂ ਘੱਟ ਨਹੀਂ ਅਤੇ ਉਨ੍ਹਾਂ ਐਮ ਪੀਜ਼ 'ਤੇ ਵਿਸ਼ਵ ਭਰ ਦੇ ਬੱਚਿਆਂ ਦੀ ਕੀਮਤ 'ਤੇ ਪੁਆਇੰਟ ਬਣਾਉਣ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਾਇਆ ਹੈ। ਭਰਾਵਾਂ ਨੇ ਬਾਅਦ ਦੁਪਹਿਰ ਹਾਊਸ ਆਫ ਕਾਮਨਜ਼ ਦੀ ਐਥਿਕਸ ਕਮੇਟੀ ਦੇ ਲਿਖਤੀ ਦੋਸ਼ ਪੱਦਰ ਦਾ ਜਵਾਬ ਦਿੱਤਾ ਅਤੇ ਉਨ੍ਹਾਂ ਵੂਈ ਦੇ ਕੰਮਕਾਜ ਤੇ ਢਾਂਚੇ ਅਤੇ ਫੈਡਰਲ ਸਟੂਡੈਂਟ ਪ੍ਰੋਗਰਾਮ ਦੇ ਪ੍ਰਬੰਧ ਲਈ ਸਮਝੌਤੇ ਨੂੰ ਰੱਦ ਕਰਨ ਦਾ ਬਚਾਅ ਕੀਤਾ। ਕਿਲਬਰਗਰਸ ਨੇ ਕਿਹਾ ਕਿ ਉਨ੍ਹਾਂ ਨੇ ਵੇਲਾ ਵਹਾਅ ਚੁੱਕੀਆਂ ਪਾਬੰਦੀਆਂ ਕਿ ਕੈਨੇਡੀਅਨ ਚੈਰਿਟੀ ਨੇ ਕਿਵੇਂ ਕੰਮ ਕਰਨਾ ਹੈ ਕਾਰਨ ਵੱਖ ਵੱਖ ਵੂਈ ਆਪਰੇਸ਼ਨਾਂ ਨੂੰ ਸਥਾਪਤ ਕੀਤਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਦਾ ਉਸ ਸਮੇਂ ਨੇਕ ਇਰਾਦਾ ਸੀ ਜਦੋਂ ਉਹ ਫੈਡਰਲ ਲਿਬਰਲ ਸਰਕਾਰ ਦੇ ਲੱਖਾਂ ਡਾਲਰ ਦੇ ਕੈਨੇਡਾ ਸਟੂਡੈਂਟ ਸਰਵਿਸਿਜ਼ ਗਰਾਂਟ ਪ੍ਰੋਗਰਾਮ ਵਿਚ ਮਦਦ ਕਰਨ ਲਈ ਸਹਿਮਤ ਹੋਏ ਸਨ ਜਿਹੜਾ ਉਸ ਸਮੇਂ ਤੋਂ ਰੱਦ ਕੀਤਾ ਹੋਇਆ ਹੈ।

# ਬੀਸੀ ਵਿਚ ਆਮਦਨ ਸਹਾਇਤਾ ਤੇ ਅਪਾਹਜ ਦਰਾਂ ਅਪ੍ਰੈਲ ਵਿਚ 175 ਡਾਲਰ ਪ੍ਰਤੀ ਮਹੀਨਾ ਵਧਣਗੀਆਂ

ਵਿਕਟੋਰੀਆ-ਬ੍ਰਿਟਿਸ਼ ਕੋਲੰਬੀਆ ਵਿਚ ਆਮਦਨ ਤੇ ਅਪੰਗਤਾ ਸਹਾਇਤਾ ਦਰਾਂ ਅਪ੍ਰੈਲ ਤੋਂ 175 ਡਾਲਰ ਪ੍ਰਤੀ ਮਹੀਨਾ ਵਧਾਈਆਂ ਜਾ ਰਹੀਆਂ ਹਨ। ਇਹ ਜਾਣਕਾਰੀ ਸਮਾਜਿਕ ਵਿਕਾਸ ਤੇ ਗਰੀਬੀ ਘਟਾਉ ਮੰਤਰੀ ਨਿਕੋਲਸ ਸਾਈਮਨਸ ਨੇ ਦਿੱਤੀ। ਇਹ ਬੀਸੀ ਵਿਚ ਆਮਦਨ ਤੇ ਅਪਾਹਜਤਾ ਦਰਾਂ ਵਿਚ ਸਭ ਤੋਂ ਵੱਡਾ ਸਥਾਈ ਵਾਧਾ ਹੈ ਅਤੇ ਨਿਊ ਡੈਮੋਕਰੈਟਿਕ ਸਰਕਾਰ ਦਾ ਜੁਲਾਈ 2017 ਤੋਂ ਤੀਸਰਾ ਵਾਧਾ ਹੈ। ਉਨ੍ਹਾਂ ਕਿਹਾ ਕਿ 300000 ਤੋਂ ਵੀ ਵੱਧ ਲੋਕਾਂ ਨੂੰ ਇਹ ਵਾਧਾ ਮਿਲੇਗਾ ਜਿਸ ਵਿਚ ਅਪ੍ਰੈਲ ਦੇ ਅਖੀਰ ਵਿਚ ਸਰਕਾਰੀ ਸਹਾਇਤਾ ਪੇਮੈਂਟਾਂ ਨੂੰ ਸ਼ਾਮਿਲ ਕੀਤਾ ਜਾਵੇਗਾ। ਸਾਈਮਨਸ ਨੇ ਦੱਸਿਆ ਕਿ ਸਰਕਾਰ 1987 ਤੋਂ ਲਾਗੂ ਸੀਨੀਅਰਸ ਦੇ ਸਪਲੀਮੈਂਟਸ ਵਿਚ ਪਹਿਲਾ ਵਾਧਾ ਲਾਗੂ ਕਰੇਗੀ ਅਤੇ ਇਸ ਨੂੰ ਇਕੱਲੇ ਵਿਅਕਤੀ ਲਈ 50 ਡਾਲਰ ਵਧਾ ਕੇ 99 ਡਾਲਰ ਕੀਤਾ ਜਾਵੇਗਾ।

# ਸਡਬਰੀ ਇਲਾਕੇ ਦੇ ਵਿਅਕਤੀ ਨੇ ਜਿੱਤਿਆ 70 ਮਿਲੀਅਨ ਡਾਲਰ ਦਾ ਲੋਟੋ ਮੈਕਸ ਡਰਾਅ

ਟੋਰਾਂਟੋ-ਸੁਡਬਰੀ ਇਲਾਕੇ ਦੇ ਇਕ ਵਿਅਕਤੀ ਮਾਰਕ ਮਿਲਯੂਰ ਨੇ 70 ਮਿਲੀਅਨ ਡਾਲਰ ਦਾ ਲੋਟੋ ਮੈਕਸ ਡਰਾਅ ਜਿੱਤਿਆ ਹੈ। ਮਾਰਕ ਮਿਲਯੂਰ ਨੇ ਦੱਸਿਆ ਕਿ ਉਸ ਨੇ ਸਾਰੇ ਕੈਨੇਡਾ ਨੂੰ ਸਿਰਫ ਟੈਲੀਵੀਜ਼ਨ 'ਤੇ ਦੇਖਿਆ ਹੈ ਅਤੇ ਹੁਣ ਉਹ ਤੇ ਉਸ ਦੀ ਪਤਨੀ ਸਾਰੇ ਕੈਨੇਡਾ ਨੂੰ ਘੁੰਮ ਫਿਰ ਕੇ ਦੇਖਣਾ ਚਾਹੁੰਦੇ ਹਨ। ਮਾਰਕ ਮਿਲਯੂਰ ਨੇ ਇਹ ਮੰਨਣਾ ਸ਼ੁਰੂ ਕਰਨ ਕਿ ਉਸ ਨੇ 26 ਫਰਵਰੀ ਦੇ ਡਰਾਅ ਵਿਚ 70 ਮਿਲੀਅਨ ਡਾਲਰ ਦਾ ਲੋਟੋ ਮੈਕਸ ਜੈਕਪਾਟ ਜਿੱਤਿਆ ਹੈ ਤੋਂ ਪਹਿਲਾਂ ਲਗਪਗ ਇਕ ਦਰਜਨ ਵਾਰ ਆਪਣੀ ਟਿਕਟ ਨੂੰ ਚੈੱਕ ਕੀਤਾ ਸੀ। ਓਨਟਾਰੀਓ ਵਿਚ ਨੋਏਵਿਲ ਦੇ ਵਿਅਕਤੀ ਤੇ ਉਸ ਦੀ ਪਤਨੀ ਡੋਰੋਥੀ-ਐਨ ਕਈ ਸਾਲਾਂ ਤੋਂ ਲਾਟਰੀ ਖੇਡ ਰਹੇ ਹਨ।

# ਰੌਜ਼ਰ ਨੇ 26 ਅਰਬ ਡਾਲਰ ਵਿਚ ਸ਼ਾਅ ਨੂੰ ਖਰੀਦਣ ਦਾ ਕੀਤਾ ਸੌਦਾ

ਓਟਵਾ-ਰੌਜ਼ਰ ਕਮਿਊਨੀਕੇਸ਼ਨਸ ਇੰਕ ਨੇ ਸ਼ਾਅ ਕਮਿਊਨੀਕੇਸ਼ਨਸ ਇੰਕ ਨੂੰ 20.4 ਅਰਬ ਡਾਲਰ ਵਿਚ ਖਰੀਦਣ ਦਾ ਸੌਦਾ ਕੀਤਾ ਹੈ ਜਿਹੜਾ ਦੇਸ਼ ਦੀ ਟੈਲੀਕਾਮ ਤਸਵੀਰ ਨੂੰ ਨਵਾਂ ਰੂਪ ਪ੍ਰਦਾਨ ਕਰੇਗਾ ਬਸ਼ਰਤੇ ਕਿ ਇਸ ਨੂੰ ਰੈਗੂਲੇਟਰੀ ਪ੍ਰਵਾਨਗੀ ਮਿਲ ਜਾਵੇ। ਰੌਜ਼ਰ ਨੇ ਸੋਮਵਾਰ ਐਲਾਨ ਕੀਤਾ ਕਿ ਉਹ ਸ਼ੁੱਕਰਵਾਰ ਸ਼ੇਅਰ ਬਾਜ਼ਾਰ ਬੰਦ ਹੋਣ ਸਮੇਂ 69 ਫ਼ੀਸਦੀ ਪ੍ਰੀਮੀਅਮ ਨਾਲ ਸ਼ਾਅ ਲਈ ਪ੍ਰਤੀ ਸ਼ੇਅਰ 40.50 ਡਾਲਰ ਕੀਮਤ ਅਦਾ ਕਰਨ ਦੀ ਪੇਸ਼ਕਸ਼ ਕਰ ਰਹੀ ਹੈ। ਕਰਜ਼ੇ ਨੂੰ ਸ਼ਾਮਿਲ ਕਰਕੇ ਸੌਦੇ ਦੀ ਰਕਮ 26 ਅਰਬ ਡਾਲਰ ਹੋਵੇਗੀ। ਮੁਲਾਂਕਣ ਕਰਨ ਵਾਲੇ ਵਿਸ਼ਲੇਸ਼ਕਾਂ ਮੁਤਾਬਿਕ ਕੈਲਗਰੀ ਆਧਾਰਤ ਟੈਲੀਕਮਿਊਨੀਕੇਸ਼ਨਸ ਕੰਪਨੀ ਦੀ ਖਰੀਦ ਨਾਲ ਰੌਜ਼ਰ ਨੂੰ ਪੱਛਮ ਤੱਕ ਡੂੰਘੀ ਪਹੁੰਚ ਅਤੇ ਇਕ ਕੌਮੀ ਵਾਇਰਲੈਸ ਨੈਟਵਰਕ ਨਾਲ ਇਕ ਵੱਡਾ ਕੌਮੀ ਫੁੱਟਪ੍ਰਿੰਟ (ਭੂਗੋਲਿਕ ਤੌਰ 'ਤੇ ਮਾਰਕੀਟ ਵਿਚ ਹੋਂਦ) ਮਿਲੇਗਾ। ਇਸ ਸੌਦੇ ਕਾਰਨ ਵੱਡੀ ਰੈਗੂਲੇਟਰੀ ਪੜਤਾਲ ਹੋਣ ਦੀ ਸੰਭਾਵਨਾ ਹੈ ਕਿਉਂਕਿ ਰੌਜ਼ਰ ਫਰੀਡਮ ਮੋਬਾਈਲ ਨੂੰ ਵੀ ਆਪਣੇ ਅਧਿਕਾਰ ਵਿਚ ਲੈ ਰਹੀ ਹੈ ਜਿਸ ਦੀ ਮੌਜੂਦਾ ਸਮੇਂ ਸ਼ਾਅ ਦੀ ਮਾਲਕੀ ਹੈ। ਸੌਦਾ ਹੋਣ ਪਿੱਛੋਂ ਘੱਟੋ ਘੱਟ ਤਿੰਨ ਸਾਲ ਰੌਜ਼ਰ ਤੇ ਫਰੀਡਮ ਮੋਬਾਈਲ ਦੇ ਗਾਹਕ ਵਾਇਰਲੈਸ ਕੀਮਤ ਵਾਧੇ ਤੋਂ ਸੁਰੱਖਿਅਤ ਰਹਿਣਗੇ ਪਰ ਹੁਣ ਦੇਖਣਾ ਇਹ ਹੋਵੇਗਾ ਕਿ ਕੀ ਰੈਗੂਲੇਟਰਸ ਨੂੰ ਇਹ ਗੱਲ ਹਜ਼ਮ ਹੋਵੇਗੀ। ਸੌਦੇ ਕਾਰਨ ਕੈਨੇਡਾ ਦੀਆਂ ਚਾਰ ਵੱਡੀਆਂ ਟੈਲੀਕਮਿਊਨੀਕੇਸ਼ਨਸ ਕੰਪਨੀਆਂ ਵਿਚੋਂ ਇਕ ਦਾ ਭੋਗ ਪੈ ਜਾਵੇਗਾ ਜਿਸ ਕਾਰਨ ਇਸ ਨੂੰ ਨਵੀਨਤਾ, ਸਾਇੰਸ ਤੇ ਆਰਥਿਕ ਵਿਕਾਸ ਬਾਰੇ ਮੰਤਰਾਲੇ, ਕੈਨੇਡੀਅਨ ਰੇਡੀਓ-ਟੈਲੀਵੀਜ਼ਨ ਟੈਲੀਕਮਿਊਨੀਕੇਸ਼ਨਸ ਕਮਿਸ਼ਨ ਤੇ ਕੈਨੇਡੀਅਨ ਕੰਪੀਟੀਸ਼ਨ ਬਿਊਰੋ ਦੀ ਪ੍ਰਵਾਨਗੀ ਦੀ ਲੋੜ ਹੋਵੇਗੀ। ਨੈਸ਼ਨਲ ਬੈਂਕ ਆਫ ਕੈਨੇਡਾ ਵਿਖੇ ਵਿਸ਼ਲੇਸ਼ਕ ਐਡਮ ਸ਼ਾਈਨ ਦਾ ਤਾਂ ਇਥੇ ਤੱਕ ਕਹਿਣਾ ਕਿ ਉਸ ਨੂੰ ਵਿਸ਼ਵਾਸ਼ ਹੈ ਕਿ ਰੌਜ਼ਰ ਕੋਲ ਸਰਕਾਰ ਦੀ ਪ੍ਰਵਾਨਗੀ ਲੈਣ ਦੀ ਸਮਰੱਥਾ ਹੈ।

# ਰਿਚਮੰਡ ਸਿਟੀ ਕੌਂਸਲ ਦੀ ਉਪ ਚੋਣ 29 ਮਈ ਨੂੰ

ਵਿਕਟੋਰੀਆ-ਰਿਚਮੰਡ ਵਾਸੀ ਸਿਟੀ ਕੌਂਸਲ ਦੀ ਇਕ ਖਾਲੀ ਪਈ ਸੀਟ ਨੂੰ ਭਰਨ ਲਈ 29 ਮਈ ਨੂੰ ਉਪ ਚੋਣ ਵਿਚ ਵੋਟਾਂ ਪਾਉਣਗੇ। ਇਹ ਖਾਲੀ ਸੀਟ ਕੈਲੀ ਗ੍ਰੀਨ ਨਾਲ ਨਾਲ ਸਬੰਧਤ ਹੈ ਜਿਸ ਨੇ ਰਿਚਮੰਡ-ਸਟੇਵਸਟਨ ਤੋਂ ਐਮਐਲਏ ਚੁਣੇ ਜਾਣ ਪਿੱਛੋਂ ਨਵੰਬਰ ਵਿਚ ਮਿਊਂਸਪਲ ਰਾਜਨੀਤੀ ਛੱਡ ਦਿੱਤੀ ਸੀ। ਉਹ ਮੌਜੂਦਾ ਸਮੇਂ ਪ੍ਰੀਮੀਅਰ



ਜੌਹਨ ਹੋਰਗਨ ਦੀ ਸਰਕਾਰ ਵਿਚ ਵਾਤਾਵਰਣ ਬਾਰੇ ਸੰਸਦੀ ਸਕੱਤਰ ਵਜੋਂ ਸੇਵਾਵਾਂ ਨਿਭਾਅ ਰਹੀ ਹੈ। ਹੁਣ ਤੱਕ ਤਿੰਨ ਵਿਅਕਤੀਆਂ ਰਿਚਮੰਡ ਸਕੂਲ ਦੇ ਸਾਬਕਾ ਟਰੱਸਟੀ ਤੇ ਸੇਵਾਮੁਕਤ ਵੈਨਕੂਵਰ ਪੁਲਿਸ ਸੁਪਰਡੈਂਟ ਐਂਡੀ ਹੋਬਸ, ਮੌਜੂਦਾ ਸਕੂਲ ਟਰੱਸਟੀ ਕੇਨ ਹੇਮਾਗੁਚੀ ਅਤੇ ਮੈਕਗਿਲ ਯੂਨੀਵਰਸਿਟੀ ਦੇ ਸੇਵਾਮੁਕਤ ਪ੍ਰਬੰਧਕ ਜੌਹਨ ਰੋਸਟਨ ਨੇ ਕੌਂਸਲ ਸੀਟ ਲਈ ਆਪਣੀ ਉਮੀਦਵਾਰੀ ਦਾ ਐਲਾਨ ਕੀਤਾ ਹੈ। ਨਾਮਜ਼ਦਗੀਆਂ 13 ਤੋਂ 23 ਅਪ੍ਰੈਲ ਤਕ ਹੋਣਗੀਆਂ। ਪੇਸ਼ਗੀ ਵੋਟਿੰਗ ਲਈ ਚਾਰ ਦਿਨ (15,19, 20 22 ਮਈ) ਦਿੱਤੇ ਗਏ ਹਨ ਅਤੇ ਰਿਚਮੰਡ ਵਾਸੀਆਂ ਨੂੰ ਡਾਕ ਰਾਹੀਂ ਵੋਟ ਪਾਉਣ ਦਾ ਮੌਕਾ ਵੀ ਮਿਲੇਗਾ। ਜੇਤੂ ਉਮੀਦਵਾਰ 15 ਅਕਤੂਬਰ 2022 ਨੂੰ ਅਗਲੀ ਮਿਊਂਸਪਲ ਚੋਣ ਤਕ ਕੌਂਸਲ ਲਈ ਸੇਵਾ ਨਿਭਾਵੇਗਾ।

Injured in an accident?

ICBC claim?

We can help.

Experienced and Professional staff are available for you. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ

- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

We handle accident issues related to:

- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



For a fair settlement for your claim, call **Mandeep Randhawa** today.

604-449-7500

RANDHAWA MINHAS LLP

PERSONAL INJURY LAWYERS

T 604-449-7500 F 604-449-7501

msr@randhawalaw.ca www.randhawalaw.ca

205-7134 King George Boulevard, Surrey, BC V3W 5A3

We Can Help You Sell Your House!
Satvir Cheema
604-240-9148

CENTURY 21 Coastal Realty Ltd.
#105-7928 128th St., Surrey, BC, V3W 4E8
satvir.cheema@century21.ca

PUNJAB LINK
ਪੰਜਾਬ ਲਿੰਕ
ਰਿਅਲ ਅਸਟੇਟ | REAL ESTATE
www.punjablinkpaper.com 604-503-5465

For All Your Real Estate Needs
Amrik Cheema
*PREC
604-369-7000

CENTURY 21 Coastal Realty Ltd.
#105-7928 128th St., Surrey, BC, V3W 4E8
info@amrikcheema.com

## ਸਰੀ ਗੋਲੀਬਾਰੀ 'ਚ ਇਕ ਵਿਅਕਤੀ ਗੰਭੀਰ ਜ਼ਖ਼ਮੀ



ਸਰੀ-ਸੋਮਵਾਰ ਰਾਤ ਸਾਊਥ ਸਰੀ ਵਿਚ 99 ਹਾਈਵੇਅ 'ਤੇ ਗੋਲੀਬਾਰੀ ਦੀ ਇਕ ਘਟਨਾ ਵਿਚ ਇਕ ਵਿਅਕਤੀ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ ਜਿਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ ਅਤੇ ਇਸ ਮੌਕੇ ਇਕ ਹੋਰ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਸਰੀ ਆਰ ਸੀ ਐਮ ਪੀ ਨੇ ਦੱਸਿਆ ਕਿ ਸ਼ਾਮ 7.30 ਵਜੇ ਹਾਈਵੇਅ 99 ਦੇ ਬਲਾਕ 13500 ਵਿਚ ਦੋ ਵਿਅਕਤੀਆਂ ਵਿਚਕਾਰ ਲੜਾਈ ਹੋਣ ਤੇ ਗੋਲੀ ਚੱਲਣ ਬਾਰੇ ਕਈ ਫੋਨ ਆਉਣ ਪਿੱਛੋਂ ਪੁਲਿਸ ਮੌਕੇ 'ਤੇ ਪੁੱਜੀ। ਪੁਲਿਸ ਨੇ ਉਥੇ ਦੋ ਵਿਅਕਤੀਆਂ ਨੂੰ ਦੇਖਿਆ। ਇਕ ਵਿਅਕਤੀ ਦੇ ਗੋਲੀ ਲੱਗੀ ਹੋਈ ਸੀ ਅਤੇ ਉਸ ਨੂੰ ਗੰਭੀਰ ਹਾਲਤ ਵਿਚ ਤੁਰੰਤ ਹਸਪਤਾਲ ਲਿਜਾਇਆ ਗਿਆ। ਦੂਸਰੇ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਲਿਆ। ਦੋਵੇਂ ਵਿਅਕਤੀ ਇਕ ਅਗਨੀ ਸ਼ਾਸਤਰ ਸਮੇਤ ਇਕੋ ਮੋਟਰ ਗੱਡੀ ਵਿਚ ਸਵਾਰ ਸਨ ਜਿਸ ਨੂੰ ਪੁਲਿਸ ਨੇ ਜ਼ਬਤ ਕਰ ਲਿਆ। ਜਾਂਚ ਅਧਿਕਾਰੀਆਂ ਦਾ ਮੰਨਣਾ ਕਿ ਗੋਲੀਬਾਰੀ ਦੋ ਵਿਅਕਤੀਆਂ ਵਿਚਕਾਰ ਵਿਵਾਦ ਨਾਲ ਸਬੰਧਤ ਹੈ ਜਿਹੜੇ ਇਕ ਦੂਸਰੇ ਨੂੰ ਜਾਣਦੇ ਹਨ। ਇਸ ਘਟਨਾ ਵਿਚ ਸ਼ਾਮਿਲ ਦੋਵੇਂ ਵਿਅਕਤੀਆਂ ਨੂੰ ਪੁਲਿਸ ਜਾਣਦੀ ਹੈ। ਜਾਂਚ ਅਧਿਕਾਰੀਆਂ ਨੇ ਦੱਸਿਆ ਕਿ ਇਸ ਗੱਲ ਦਾ ਕੋਈ ਸਬੂਤ ਨਹੀਂ ਕਿ ਗੋਲੀਬਾਰੀ ਲੋਅਰ ਮੇਨਲੈਂਡ ਵਿਵਾਦ ਨਾਲ ਸਬੰਧਤ ਹੈ ਪਰ ਪੁਲਿਸ ਡਰੱਗ ਕਾਰੋਬਾਰ ਨਾਲ ਸਬੰਧਾਂ ਦੀ ਜਾਂਚ ਕਰ ਰਹੀ ਹੈ।

# ਟਰਾਂਜਿਟ ਪੁਲਿਸ ਅਫਸਰ ਤੇ ਸਟੋਰ ਗਾਹਕ ਨੂੰ ਗੋਲੀ ਮਾਰਨ ਵਾਲੇ ਵਿਅਕਤੀ ਨੂੰ 18 ਸਾਲ ਕੈਦ ਦੀ ਸਜ਼ਾ

ਵੈਨਕੂਵਰ-30 ਜਨਵਰੀ 2019 ਨੂੰ ਸਰੀ ਵਿਚ ਸਕੌਟ ਰੋਡ ਸਕਾਈ ਟਰੇਨ ਸਟੇਸ਼ਨ ਵਿਖੇ ਕੰਸਟੇਬਲ ਜੋਸ਼ ਹਾਰਮਸ ਨੂੰ ਗੋਲੀ ਮਾਰਨ ਦੇ ਸਬੰਧ ਵਿਚ 37 ਸਾਲਾ ਡੇਓਨ ਗੋਰਡਨ ਗਲਾਸਗੋ ਨੂੰ ਦੋਸ਼ੀ ਠਹਿਰਾਇਆ ਗਿਆ ਹੈ। ਇਸ ਵਿਅਕਤੀ ਜਿਸ ਨੂੰ ਟਰਾਂਜਿਟ ਪੁਲਿਸ ਅਫਸਰ ਤੇ ਇਸ ਤੋਂ ਪਹਿਲਾਂ ਭੰਗ ਦੀ ਡਿਸਪੈਂਸਰੀ ਵਿਚ ਇਕ ਗਾਹਕ ਦੇ ਗੋਲੀ ਮਾਰਨ ਲਈ ਦੋਸ਼ੀ ਠਹਿਰਾਇਆ ਗਿਆ ਸੀ ਨੂੰ 18 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਉਸ ਨੇ ਡਕੈਤੀ ਦੌਰਾਨ 27 ਜਨਵਰੀ 2019 ਨੂੰ ਵੈਨਕੂਵਰ ਮੈਰੀਜੁਆਨ ਡਿਸਪੈਂਸਰੀ ਵਿਚ ਇਕ ਗਾਹਕ ਦੇ ਗੋਲੀ ਮਾਰਨ ਦਾ ਆਪਣਾ ਕਸੂਰ ਸਵੀਕਾਰ ਕਰ ਲਿਆ ਹੈ। ਇਸ ਡਕੈਤੀ ਵਿਚ ਉਸ ਨੇ 100 ਡਾਲਰ ਨਕਦੀ ਤੇ ਭੰਗ ਦੇ ਕੁਝ ਉਤਪਾਦ ਚੋਰੀ ਕਰ ਲਏ ਸਨ। ਇਸ ਗੋਲੀਬਾਰੀ ਵਿਚ ਉਸ ਨੇ ਸਟੋਰ ਵਿਚ ਮੌਜੂਦ ਹਰੇਕ ਵਿਅਕਤੀ ਨੂੰ ਕਿਹਾ ਕਿ ਉਹ ਬੈਠ ਜਾਣ ਅਤੇ ਜਦੋਂ ਕਿਸੇ ਨੇ ਵੀ ਉਸ ਦਾ ਤੁਰੰਤ ਕਿਹਾ ਨਾ ਮੰਨਿਆਂ ਤਾਂ ਉਸ ਨੇ ਕਿਹਾ ਕਿ ਤੁਸੀਂ ਇਸ ਨੂੰ ਮਖੌਲ ਸਮਝ ਲਿਆ ਹੈ ਅਤੇ ਇਕ ਗਾਹਕ ਦੀ ਲੱਤ ਵਿਚ ਗੋਲੀ ਮਾਰ ਦਿੱਤੀ। ਗਲਾਸਗੋ ਨੇ ਦੋਵੇਂ ਅਪਰਾਧ ਉਸ ਸਮੇਂ ਕੀਤੇ ਜਦੋਂ ਉਹ ਮੈਨਸਲਾਟਰ ਵਿਚ ਲੰਬੀ ਕੈਦ ਕੱਟਣ ਪਿੱਛੋਂ ਪੈਰੋਲ 'ਤੇ ਬਾਹਰ ਆਇਆ ਹੋਇਆ ਸੀ।



# ਵੈਸਟ ਵੈਨਕੂਵਰ 'ਚ ਚੱਟਾਨ ਤੋਂ ਡਿੱਗਣ ਨਾਲ ਵਿਅਕਤੀ ਦੀ ਮੌਤ

ਵੈਨਕੂਵਰ-ਵੈਸਟ ਵੈਨਕੂਵਰ ਵਿਚ ਲਾਈਟਹਾਊਸ ਪਾਰਕ ਵਿਖੇ ਇਕ 70 ਸਾਲਾ ਵਿਅਕਤੀ ਦੀ ਚਟਾਨ ਤੋਂ ਡਿਗਣ ਨਾਲ ਮੌਤ ਹੋ ਗਈ ਅਤੇ ਬੀਸੀ ਕੌਰੋਨਰ ਦਾ ਦਫ਼ਤਰ ਘਟਨਾ ਦੀ ਜਾਂਚ ਕਰ ਰਿਹਾ ਹੈ। ਵੈਸਟ ਵੈਨਕੂਵਰ ਪੁਲਿਸ ਨੂੰ ਘਟਨਾ ਵਾਲੀ ਥਾਂ 'ਤੇ ਬੁਲਾਇਆ ਗਿਆ ਹੈ। ਕਿਸੇ ਵਿਅਕਤੀ ਨੇ ਵਿਅਕਤੀ ਦੀ ਵਸਤਾਂ ਨੂੰ ਚਟਾਨ ਦੇ ਉਪਰਲੇ ਹਿੱਸੇ 'ਤੇ ਪਈਆਂ ਦੇਖਣ ਪਿੱਛੋਂ ਪੁਲਿਸ ਨੂੰ ਸੂਚਨਾ ਦਿੱਤੀ ਸੀ। ਵੈਸਟ ਵੈਨਕੂਵਰ ਪੁਲਿਸ ਦੇ ਬੁਲਾਰੇ ਕੰਸਟੇਬਲ ਕੇਵਿਨ ਗੁੱਡਮਰਫੀ ਨੇ ਦੱਸਿਆ ਕਿ ਵਿਅਕਤੀ ਦੀ ਲਾਸ਼ ਚਟਾਨ ਦੇ ਤਟੀ ਇਲਾਕੇ ਤੋਂ ਮਿਲ ਗਈ ਹੈ। ਕਿਸੇ ਸ਼ਰਾਰਤ ਦਾ ਕੋਈ ਸ਼ੱਕ ਜ਼ਾਹਿਰ ਨਹੀਂ ਕੀਤਾ ਗਿਆ। ਗੁੱਡਮੂਰਥੀ ਨੇ ਦੱਸਿਆ ਕਿ ਸੱਟਾਂ ਕਾਰਨ ਵਿਅਕਤੀ ਦੀ ਮੌਤ ਪਹਿਲਾਂ ਹੀ ਹੋ ਗਈ ਸੀ ਜਿਹੜੀਆਂ ਉਸ ਦੇ ਲਗਪਗ 9 ਮੀਟਰ ਦੀ ਉਚਾਈ ਤੋਂ ਡਿਗਣ ਕਾਰਨ ਲੱਗੀਆਂ ਸਨ।

Offering Services For All Your Business and Real Estate Needs

- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes


HUGHES & COMPANY
LAW CORPORATION
www.hughesco.com CEDRIC HUGHES
604.602.1828
HEAD OFFICE:
VANCOUVER
505-777 W. BROADWAY

SUNNY SANGHA • PERSONAL REAL ESTATE CORPORATION

15428 28 AVENUE

$1,199,000 Subdividable

Attention Investors & Builders... Collect rent now and develop later. The PLA has been approved by the city for the two RF10 lots each with 31ft frontage. The home is in good condition and currently rented for $2100/month with 10 months remaining on the lease. No Door Knocking. Call now for more information

#603 13308 CENTRAL AVE.

$549,000

Welcome to Evolve, Downtown's Surrey's newest building. Just one-year-old building located in the core of Surrey's downtown near all types of transport, shopping, restaurants, and universities. This two bedrooms two bathroom unit is located on the 6th floor facing northwest with a huge balcony. The property has been rented for $1600/ month to good tenants. Call today to book your private showing.


Sunny Sangha
604-356-5555
SUNNY SANGHA
Personal Real Estate Corporation
CENTURY 21 Coastal Realty Ltd.
MLS MEDALLION CLUB MEMBER
Ram Johal
604-356-5555

www.sunnysangha.com | info@sunnysangha.com

# RIGHT LINK LOGISTICS LTD.

## WE ARE NOW HIRING DRIVERS AND OWNER OPERATORS FOR OUR DRY VAN LANES INTO USA.




## COMPANY DRIVERS AND OWNER OPERATORS

# TEAM OR SOLO

**U.S.A Routes: BC to CA, AZ, TX**

**BC to WA / WA to BC or AB**

**Canada Routes: BC / AB Canada Wide**

**Paid Picks and Drops**

**Extended Medical Benefits and Travel Insurance**

**Yard to Yard Work**

**Brand New Trucks & Trailers**

Right-Link
Logistics Ltd

**Call: +1-604-857-4777 / 778-344-1964**

**Email: team@rightlink.ca**

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES
& COMPANY
LAW CORPORATION
www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★
**4.9 STAR**
**Google**
**REVIEW !**

Link!
hughesco.com
*for reviews*

# 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND** Service provided at Business Centres throughout the Fraser Valley and British Columbia.*

***Remote Location? No Problem. We will come to you !***


# ਸਾਲ 2022 ਦੀਆਂ ਚੋਣਾਂ ਲਈ ਅਸ਼ੀਰਵਾਦ ਲੈਣ ਵਾਸਤੇ ਲੋਕਾਂ ਕੋਲ ਜਾਣ ਤੋਂ ਪਹਿਲਾਂ ਸਾਰੇ ਵਾਅਦੇ ਪੂਰੇ ਕਰਾਂਗੇ-ਕੈਪਟਨ

## ਅਗਾਮੀ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਦਲ ਅਤੇ ਆਪ ਕਾਂਗਰਸ ਦੀਆਂ ਵਿਰੋਧੀ ਨਹੀਂ, ਦੋਵੇਂ ਧਿਰਾਂ ਮੁਕਾਬਲੇ 'ਚ ਨਹੀਂ ਖੜ੍ਹਦੀਆਂ

ਚੰਡੀਗੜ੍ਹ-ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅਗਲੇ ਸਾਲ ਦੀ ਸ਼ੁਰੂਆਤ ਵਿੱਚ ਹੋਣ ਜਾ ਰਹੀਆਂ 2022 ਦੀਆਂ ਵਿਧਾਨ ਸਭਾ ਚੋਣਾਂ ਲਈ ਲੋਕਾਂ ਦਾ ਅਸ਼ੀਰਵਾਦ ਲੈਣ ਵਾਸਤੇ ਮੁੜ ਉਨ੍ਹਾਂ ਕੋਲ ਜਾਣ ਤੋਂ ਪਹਿਲਾਂ ਸਾਲ 2017 ਦੇ ਚੋਣ ਵਾਅਦੇ ਪੂਰੇ ਕਰਨ ਦਾ ਪ੍ਰਣ ਕੀਤਾ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਕਿਹਾ ਕਿ ਪੰਜਾਬ ਵਿੱਚ ਕਾਂਗਰਸ ਦਾ ਕੋਈ ਵਿਰੋਧੀ ਨਹੀਂ ਹੈ ਕਿਉਂਕਿ ਨਾ ਤਾਂ ਅਕਾਲੀ ਅਤੇ ਨਾ ਹੀ ਆਮ ਆਦਮੀ ਪਾਰਟੀ ਮੁਕਾਬਲੇ ਵਿੱਚ ਖੜ੍ਹਦੇ ਹਨ। ਮੁੱਖ ਮੰਤਰੀ ਨੇ ਪ੍ਰਣ ਕੀਤਾ, ਜੋ ਕੁਝ ਅਸੀਂ ਸ਼ੁਰੂ ਕੀਤਾ ਹੈ, ਉਸ ਨੂੰ ਮੁਕੰਮਲ ਕਰਕੇ ਰਹਾਂਗੇ। ਮੁੱਖ ਮੰਤਰੀ ਨੇ ਪੰਜਾਬ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀ ਸਰਕਾਰ ਹਰੇਕ ਉਸ ਵਾਅਦੇ ਨੂੰ ਪੂਰਾ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੇਗੀ ਜੋ ਕਾਂਗਰਸ ਪਾਰਟੀ ਨੇ ਸਾਲ 2017 ਦੀਆਂ ਚੋਣਾਂ ਵਿੱਚ ਸੂਬੇ ਦੇ ਲੋਕਾਂ ਨਾਲ ਕੀਤੇ ਸਨ। ਉਨ੍ਹਾਂ ਦੱਸਿਆ ਕਿ 85 ਫੀਸਦੀ ਤੋਂ ਵੱਧ ਚੋਣ ਵਾਅਦੇ ਪੂਰੇ ਕੀਤੇ ਜਾ ਚੁੱਕੇ ਹਨ ਅਤੇ ਕਿਸੇ ਵੀ ਸੂਬੇ ਵਿੱਚ ਕਿਸੇ ਵੀ ਪਾਰਟੀ ਲਈ ਇਹ ਇਕ ਰਿਕਾਰਡ ਹੈ। ਉਨ੍ਹਾਂ ਦੱਸਿਆ ਕਿ ਪਿਛਲਾ ਰਿਕਾਰਡ ਆਂਧਰਾ ਪ੍ਰਦੇਸ਼ ਵਿੱਚ ਚੰਦਰਬਾਬੂ ਨਾਇਡੂ ਦਾ ਸੀ ਜਿਸ ਨੇ 81 ਫੀਸਦੀ ਵਾਅਦੇ ਪੂਰੇ ਕੀਤੇ ਸਨ। ਫਿਰਕੂ ਤਣਾਅ ਤੇ ਗੜਬੜੀ ਦਾ ਸਮਾਂ ਹੰਢਾਉਣ ਵਾਲੇ ਸੂਬੇ ਵਿੱਚ ਪੰਜਾਬੀਅਤ ਦੀ ਕਾਇਮੀ ਯਕੀਨੀ ਬਣਾਉਣ ਨੂੰ ਉਨ੍ਹਾਂ ਦੀ ਸਰਕਾਰ ਦੀ ਸਭ ਤੋਂ ਵੱਡੀ ਪ੍ਰਾਪਤੀ ਦੱਸਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਲੋਕ ਅਮਨ-ਚੈਨ ਚਾਹੁੰਦੇ ਹਨ ਜਿੱਥੇ ਉਹ ਸ਼ਾਂਤਮਈ ਮਾਹੌਲ ਵਿੱਚ ਆਪਣਾ ਕੰਮਕਾਜ ਜਾਂ ਕਾਰੋਬਾਰ ਕਰ ਸਕਦੇ ਹਨ। ਆਪਣੀ ਸਰਕਾਰ ਦੇ ਚਾਰ ਵਰ੍ਹੇ ਮੁਕੰਮਲ ਹੋਣ 'ਤੇ ਪ੍ਰੈਸ



ਕਾਨਫਰੰਸ ਦੌਰਾਨ ਵੱਖ-ਵੱਖ ਸਵਾਲਾਂ ਦੇ ਜਵਾਬ ਵਿੱਚ ਉਨ੍ਹਾਂ ਕਿਹਾ, "ਲੋਕ ਸਾਡੀ ਕਾਰਗੁਜ਼ਾਰੀ ਅਤੇ ਸ਼ਾਸਨ ਦੇਖਣਗੇ।" ਸਾਰੇ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨ ਅਤੇ ਸਾਰੇ ਬੇਰੁਜ਼ਗਾਰ ਨੌਜਵਾਨਾਂ ਨੂੰ 2500 ਰੁਪਏ ਪ੍ਰਤੀ ਮਹੀਨਾ ਭੱਤਾ ਦੇਣ ਦੇ ਚੋਣ ਵਾਅਦਿਆਂ ਬਾਰੇ ਸਵਾਲਾਂ 'ਤੇ ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਵਿੱਤੀ ਮਜਬੂਰੀਆਂ ਖਾਸ ਕਰਕੇ ਕੋਵਿਡ ਦੀ ਅਣਕਿਆਸੀ ਸਥਿਤੀ ਕਾਰਨ ਉਨ੍ਹਾਂ ਦੀ ਸਰਕਾਰ ਨੂੰ ਕੁਝ ਵਾਅਦੇ ਪੂਰਾ ਕਰਨ ਤੋਂ ਪਿੱਛੇ ਹਟਣਾ ਪਿਆ। ਉਨ੍ਹਾਂ ਕਿਹਾ ਕਿ ਮਾਲੀਆ ਵਧ ਰਿਹਾ ਹੈ ਅਤੇ ਜਦੋਂ ਵੀ ਸੰਭਵ ਹੋਇਆ, ਇਹ ਵਾਅਦੇ ਵੀ ਪੂਰੇ ਕੀਤੇ ਜਾਣਗੇ। ਉਨ੍ਹਾਂ ਨੇ ਅਗਲੀਆਂ ਚੋਣਾਂ ਤੋਂ ਪਹਿਲਾਂ ਸਾਰੇ ਵਾਅਦੇ ਪੂਰਾ ਕਰਨ ਦੀ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਦੱਸਿਆ ਕਿ 5.64 ਲੱਖ ਕਿਸਾਨਾਂ ਦਾ ਕਰਜ਼ਾ ਪਹਿਲਾਂ ਹੀ ਮੁਆਫ਼ ਕੀਤਾ ਜਾ ਚੁੱਕਾ ਹੈ ਅਤੇ ਇਸ ਵੇਲੇ ਖੇਤ ਮਜ਼ਦੂਰਾਂ ਨੂੰ ਵੀ ਕਰਜ਼ਾ ਮੁਆਫ਼ੀ ਦੀ ਨੀਤੀ ਦਾ ਲਾਭ ਦਿੱਤਾ ਜਾ ਰਿਹਾ ਹੈ। ਮੁੱਖ ਮੰਤਰੀ ਨੇ ਅੱਗੇ ਦੱਸਿਆ ਕਿ ਬਜਟ ਵਿੱਚ ਕੀਤੇ ਗਏ ਸਾਰੇ ਪ੍ਰਸਤਾਵ ਯਥਾਰਥ 'ਤੇ ਅਧਾਰਿਤ ਹਨ। ਨਵਜੋਤ ਸਿੰਘ ਸਿੱਧੂ ਦੀ ਬਹਾਲੀ ਬਾਰੇ ਪੁੱਛੇ ਜਾਣ 'ਤੇ ਮੁੱਖ ਮੰਤਰੀ ਨੇ ਕਿਹਾ, ਹਰ ਕੋਈ ਚਾਹੁੰਦਾ ਹੈ ਕਿ ਉਹ ਸਾਡੀ ਟੀਮ ਦਾ ਹਿੱਸਾ ਬਣੇ। ਉਨ੍ਹਾਂ ਕਿਹਾ ਕਿ ਉਹ ਸਿੱਧੂ ਨੂੰ ਉਸ ਦੇ ਬਚਪਨ ਤੋਂ ਜਾਣਦੇ ਹਨ ਅਤੇ ਬੀਤੇ ਦਿਨ ਵੀ ਉਨ੍ਹਾਂ ਨਾਲ ਮੀਟਿੰਗ ਬਹੁਤ ਹੀ ਸੁਖਾਵੀਂ ਰਹੀ ਹੈ। ਉਹ ਆਸਵੰਦ ਹਨ ਕਿ ਸਿੱਧੂ ਮੁੜ ਵਾਪਸੀ ਦਾ ਫੈਸਲਾ ਜਲਦ ਹੀ ਲੈਣਗੇ। ਉਨ੍ਹਾਂ ਕਿਹਾ ਕਿ ਉਹ ਇਸ ਗੱਲ 'ਤੇ ਵੀ ਖੁਸ਼ ਹੋਣਗੇ ਕਿ ਪ੍ਰਤਾਪ ਸਿੰਘ ਬਾਜਵਾ ਤੇ ਸ਼ਮਸ਼ੇਰ ਸਿੰਘ ਦੂਲੋਂ ਵੀ ਟੀਮ ਦਾ ਹਿੱਸਾ ਬਣਨ। ਉਨ੍ਹਾਂ ਅੱਗੇ ਕਿਹਾ ਕਿ ਭਾਵੇਂ ਹਰੇਕ ਦੀਆਂ ਆਪਣੀਆਂ ਇੱਛਾਵਾਂ ਹੁੰਦੀਆਂ ਹਨ ਪਰ ਇਹ ਫੈਸਲਾ ਕਰਨਾ ਕਾਂਗਰਸ ਦੇ ਕੌਮੀ ਪ੍ਰਧਾਨ ਦੇ ਹੱਥ ਵਿੱਚ ਹੈ। ਉਨ੍ਹਾਂ ਕਿਹਾ, "ਮੁਸ਼ਕਲ ਘੜੀਆਂ ਵਿੱਚ ਤੁਹਾਨੂੰ ਆਪਣੀਆਂ ਖਾਹਿਸ਼ਾਂ ਨੂੰ ਇਕ ਪਾਸੇ ਕਰਨਾ ਹੋਵੇਗਾ ਅਤੇ ਪਾਰਟੀ ਨਾਲ ਖੜ੍ਹਨਾ ਪਵੇਗਾ।" ਇਕ ਸਵਾਲ ਕਿ ਕੀ ਉਹ ਸਾਲ 2022 ਵਿੱਚ ਕਾਂਗਰਸ ਦੀ ਅਗਵਾਈ ਕਰਨਗੇ ਅਤੇ ਮੁੱਖ ਮੰਤਰੀ ਦਾ ਚਿਹਰਾ ਹੋਣਗੇ, ਬਾਰੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇਹ ਫੈਸਲਾ ਕੁੱਲ ਹਿੰਦ ਕਾਂਗਰਸ ਕਮੇਟੀ ਦੇ ਪ੍ਰਧਾਨ ਨੇ ਕਰਨਾ ਹੈ। ਪ੍ਰਸ਼ਾਂਤ ਕਿਸ਼ੋਰ ਦੀ ਨਿਯੁਕਤੀ ਸਬੰਧੀ ਪੁੱਛੇ ਜਾਣ 'ਤੇ ਮੁੱਖ ਮੰਤਰੀ ਨੇ ਜਵਾਬ ਦਿੱਤਾ ਕਿ ਲੋਕਤੰਤਰ ਵਿੱਚ ਹਰੇਕ ਆਗੂ ਅਤੇ ਪਾਰਟੀ ਕੋਲ ਰਣਨੀਤੀਕਾਰਾਂ ਦੀ ਟੀਮ ਹੁੰਦੀ ਹੈ। ਇਲੈਕਟ੍ਰਾਨਿਕ ਵੋਟਿੰਗ ਮਸ਼ੀਨ (ਈ.ਵੀ.ਐਮ.) ਬਨਾਮ ਪੇਪਰ ਬੈਲਟ ਬਾਰੇ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਉਹ ਈ.ਵੀ.ਐਮਜ਼ ਦਾ ਵਿਰੋਧ ਕਰਨ ਵਾਲੇ ਮੋਹਰੀ ਵਿਅਕਤੀਆਂ ਵਿੱਚੋਂ ਇਕ ਸਨ ਕਿਉਂ ਜੋ ਇਨ੍ਹਾਂ ਵਿੱਚ ਛੇੜਛਾੜ ਹੋ ਸਕਦੀ ਹੈ ਜਿਸ ਬਾਰੇ ਉਨ੍ਹਾਂ ਇਕ ਸਮੇਂ ਚੋਣ ਕਮਿਸ਼ਨ ਕੋਲ ਵੀ ਸਾਬਤ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਜਪਾਨ, ਸਵੀਡਨ ਤੇ ਯੂ.ਕੇ. ਜਿਹੇ ਵਿਕਸਿਤ ਦੇਸ਼ ਵੀ ਈ.ਵੀ.ਐਮਜ਼ ਦੀ ਵਰਤੋਂ ਨਹੀਂ ਕਰਦੇ।




## ਚੀਨ ਵਿਚ ਦੋਵਾਂ ਮਾਈਕਲਾਂ ਦੇ ਮਾਮਲੇ ਦੀ ਹੋਵੇਗੀ ਸੁਣਵਾਈ

ਓਟਵਾ-ਫੈਡਰਲ ਸਰਕਾਰ ਨੇ ਦੱਸਿਆ ਕਿ ਮਾਈਕਲ ਸਪੈਵਰ ਤੇ ਮਾਈਕਲ ਕੋਵਰਿਗ ਜਿਹੜੇ ਦੋ ਸਾਲ ਤੋਂ ਵੀ ਜ਼ਿਆਦਾ ਸਮੇਂ ਤੋਂ ਚੀਨ ਦੀ ਹਿਰਾਸਤ ਵਿਚ ਹਨ ਦੇ ਮਾਮਲਿਆਂ ਦੀ ਸੁਣਵਾਈ ਆਉਣ ਵਾਲੇ ਦਿਨਾਂ ਵਿਚ ਹੋਵੇਗੀ। ਵਿਦੇਸ਼ ਮਾਮਲਿਆਂ ਦੇ ਮੰਤਰੀ ਮਾਰਕ ਗਾਰਨੋਉ ਨੇ ਦੱਸਿਆ ਕਿ ਬੀਜਿੰਗ ਵਿਚ ਕੈਨੇਡੀਅਨ ਦੂਤਘਰ ਨੂੰ ਦੱਸਿਆ ਗਿਆ ਕਿ ਸਪੈਵਰ ਦੇ ਮਾਮਲ ਦੀ ਸੁਣਵਾਈ ਸ਼ੁੱਕਰਵਾਰ ਤੇ ਕੋਵਰਿਗ ਦੀ ਸੋਮਵਾਰ ਹੋਵੇਗੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਨਜ਼ਰਬੰਦੀ ਆਪਹੁਦਰੀ ਕਾਰਵਾਈ ਹੈ ਅਤੇ ਕੈਨੇਡਾ ਉਨ੍ਹਾਂ ਦੀ ਸੁਰੱਖਿਅਤ ਰਿਹਾਈ ਲਈ ਪੂਰੀ ਵਾਹ ਲਾ ਰਿਹਾ ਹੈ। ਵਿਸ਼ਵ ਭਰ ਵਿਚ ਦੋਵੇਂ ਕੈਨੇਡੀਅਨ ਵਿਅਕਤੀਆਂ ਨੂੰ ਸਿਰਫ ਮਾਈਕਲਾਂ ਵਜੋਂ ਜਾਣਿਆਂ ਜਾਂਦਾ ਹੈ। ਉਨ੍ਹਾਂ ਦੇ ਮਾਮਲੇ ਅਮਰੀਕਾ ਦੀ ਤਰਫੋਂ ਕੈਨੇਡਾ ਵਲੋ ਚੀਨੀ ਹੁਆਵੇਈ ਕੰਪਨੀ ਦੀ ਚੀਫ਼ ਵਿੱਤ ਅਫਸਰ ਵੇਂਗ ਵੈਂਗਜ਼ੂ ਨੂੰ ਹਿਰਾਸਤ ਵਿਚ ਰੱਖਣ ਦੇ ਫ਼ੈਸਲੇ ਨਾਲ ਵਿਆਪਕ ਤੌਰ 'ਤੇ ਜੁੜੇ ਹੋਏ ਹਨ।

## ਸਾਬਕਾ ਵਿਦਿਆਰਥਣ ਨਾਲ ਜਿਣਸੀ ਸਬੰਧ ਬਣਾਉਣ ਵਾਲੇ ਅਧਿਆਪਕ ਦਾ ਲਾਇਸੰਸ ਰੱਦ

ਵੈਨਕੂਵ-ਬੀਸੀ ਹਾਈ ਸਕੂਲ ਦੇ ਇਕ ਅਧਿਆਪਕ ਵਲੋਂ ਆਪਣੀ ਇਕ ਸਾਬਕਾ ਵਿਦਿਆਰਥਣ ਨਾਲ ਜਿਣਸੀ ਸਬੰਧ ਬਣਾਉਣ ਦੇ ਦੋਸ਼ਾਂ ਨੂੰ ਲੈ ਕੇ ਬੀ ਸੀ ਟੀਚਰ ਕਮਿਸ਼ਨਰ ਨੇ ਉਸ ਦਾ ਟੀਚਿੰਗ ਲਾਇਸੰਸ ਰੱਦ ਕਰ ਦਿੱਤਾ ਹੈ। ਅਧਿਆਪਕ ਜਿਸ ਦਾ ਨਾਂਅ ਨਹੀਂ ਦੱਸਿਆ, ਸਬੰਧਿਤ ਵਿਦਿਆਰਥਣ ਨੂੰ ਅੱਠਵੀਂ ਤੇ 12ਵੀਂ ਕਲਾਸ ਵਿਚ ਪੜ੍ਹਾਉਂਦਾ ਰਿਹਾ ਹੈ। ਜਾਂਚ ਦੌਰਾਨ ਪਾਇਆ ਗਿਆ ਕਿ ਇਹ ਅਧਿਆਪਕ ਆਪਣੀ ਵਿਦਿਆਰਥਣ ਨੂੰ ਸਕੂਲ ਸਮੇਂ ਦੌਰਾਨ ਜਿਣਸੀ ਸਬੰਧ ਬਣਾਉਣ ਲਈ ਉਕਸਾਉਂਦਾ ਰਿਹਾ ਹੈ। ਕਮਿਸ਼ਨ ਨੇ ਇਸ ਅਧਿਆਪਕ ਖਿਲਾਫ 20 ਸਾਲ ਤਕ ਪੜ੍ਹਾਉਣ 'ਤੇ ਪਾਬੰਦੀ ਲਾ ਦਿੱਤੀ ਹੈ। ਉਹ ਹੁਣ 2040 ਤਕ ਕਿਸੇ ਵੀ ਸਕੂਲ ਵਿਚ ਪੜ੍ਹਾ ਨਹੀਂ ਸਕੇਗਾ। ਕਮਿਸ਼ਨਰ ਨੇ ਕਿਹਾ ਕਿ ਅਧਿਆਪਕ ਦਾ ਵਤੀਰਾ ਉਸ ਦੀ ਪੁਜ਼ੀਸ਼ਨ ਦੀ ਸ਼ਕਤੀ ਅਤੇ ਅਧਿਆਪਕ ਵਜੋਂ ਭਰੋਸੇ ਦੀ ਗੰਭੀਰ ਉਲੰਘਣਾ ਹੈ ਅਤੇ ਉਸ ਨੇ ਵਿਦਿਆਰਥਣ ਦੇ ਗਰੈਜੂਏਸ਼ਨ ਦੇ ਦਿਨਾਂ ਦੌਰਾਨ ਜਿਣਸੀ ਤੇ ਰੋਮਾਂਟਿਕ ਸਬੰਧ ਸ਼ੁਰੂ ਕਰਕੇ ਵਿਦਿਆਰਥੀ-ਅਧਿਆਪਕ ਸਬੰਧ ਦਾ ਲਾਭ ਲਿਆ ਸੀ।

# ਭਾਰਤ-ਪਾਕਿ ਪਿਛਲੀਆਂ ਯਾਦਾਂ ਭੁਲਾ ਕੇ ਸੰਬੰਧ ਸੁਧਾਰਨ ਲਈ ਅੱਗੇ ਵਧਣ-ਬਾਜਵਾ

ਇਸਲਾਮਾਬਾਦ-ਦੁਨੀਆ ਭਰ ਵਿੱਚ ਅੱਤਵਾਦਦੀ ਸਰਪ੍ਰਸਤੀ ਦੇ ਦੋਸ਼ਾਂ ਵਿੱਚ ਘਿਰੇ ਹੋਏਤੇ ਆਰਥਿਕ ਤੰਗੀ ਨਾਲ ਜੂਝ ਰਹੀ ਪਾਕਿਸਤਾਨ ਦੀ ਸਰਕਾਰ ਤੇ ਫੌਜ ਦੀ ਬੋਲੀ ਬਦਲਦੀ ਜਾਪਣ ਲੱਗ ਪਈ ਹੈ।ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਬਾਅਦ ਇਸ ਦੇਸ਼ ਦੀ ਫ਼ੌਜ ਨੇ ਵੀ ਸ਼ਾਂਤੀ ਦਾ ਰਾਗ ਅਲਾਪਿਆ ਹੈ। ਪਾਕਿਸਤਾਨੀ ਫ਼ੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੇ ਕਿਹਾ ਕਿਭਾਰਤ ਤੇ ਪਾਕਿਸਤਾਨਨੂੰ ਪਿਛਲਾ ਸਮਾਂ ਭੁਲਾ ਕੇ ਅੱਗੇ ਵਧਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਵਿਚਾਲੇ ਸ਼ਾਂਤੀ ਹੋਣ ਨਾਲ ਇਸ ਖੇਤਰ ਵਿੱਚਖ਼ੁਸ਼ਹਾਲੀ ਆਏਗੀ ਅਤੇ ਭਾਰਤ ਲਈ ਮੱਧ ਏਸ਼ੀਆ ਤਕ ਪਹੁੰਚਣਾ ਆਸਾਨ ਹੋ ਜਾਵੇਗਾ। ਵਰਨਣ ਯੋਗ ਹੈ ਕਿ ਹਾਲੇ ਇੱਕ ਦਿਨ ਪਹਿਲਾਂ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਵੀ ਭਾਰਤ ਨਾਲ ਰਿਸ਼ਤੇ ਸੁਧਾਰਨ ਦੀ ਪਹਿਲ ਕਰ ਚੁੱਕੇ ਹਨ ਅਤੇ ਉਨ੍ਹਾਂ ਨੇ ਵੀ ਲਗਭਗ ਏਸੇ ਤਰ੍ਹਾਂ ਦੀਆਂ ਗੱਲਾਂ ਕਹੀਆਂ ਸਨ। ਸਭ ਨੂੰ ਇਸ ਗੱਲ ਦਾ ਪਤਾ ਹੈ ਕਿ ਫਾਈਨੈਂਸ਼ੀਅਲ ਐਕਸ਼ਨ ਟਾਸਕ ਫੋਰਸ (ਐੱਫਏਟੀ ਐੱਫ) ਦੀ ਨਿਗਰਾਨੀ ਸੂਚੀ (ਗ੍ਰੇਅਲਿਸਟ) ਤੋਂ ਨਿਕਲਣ ਦੇ ਲਈ ਪਾਕਿਸਤਾਨ ਹਰ ਹਰਬਾ ਵਰਤ ਰਿਹਾ ਹੈ। ਇਸ ਦੇਸ਼ ਨੂੰ ਅੱਤਵਾਦੀ ਗਰੁੱਪਾਂ ਦੀ ਫੰਡਿੰਗ ਕਰਨ ਦੇ ਦੋਸ਼ ਵਿੱਚ ਇਸ ਸੂਚੀ ਵਿਚ ਪਾਇਆ ਗਿਆ ਸੀ ਅਤੇ ਇਸ ਨੂੰ ਅੱਗੇ ਵਧਾ ਕੇ ਬਲੈਕ-ਲਿਸਟ ਵਿੱਚ ਪਾਇਆ ਜਾ ਸਕਦਾ ਹੈ। ਏਥੇ ਪਾਕਿਸਤਾਨ ਦੀ ਫ਼ੌਜ ਦੇ ਮੁਖੀ ਜਨਰਲ ਬਾਜਵਾ ਨੇ ਇਕ ਪ੍ਰੋਗਰਾਮ ਵਿੱਚ ਕਿਹਾ ਕਿ ਅਸੀਂ ਮਹਿਸੂਸ ਕਰਦੇ ਹਾਂ ਕਿ ਇਹ ਸਮਾਂ ਪਿਛਲੇ ਸਮੇਂ ਦੀਆਂ ਯਾਦਾਂ ਨੂੰ ਦਫਨ ਕਰ ਕੇ ਅੱਗੇ ਵਧਣ ਦਾ ਹੈ। ਇਸ ਦੌਰਾਨ ਉਨ੍ਹਾਂ ਨੇ ਕਸ਼ਮੀਰ ਦਾ ਰਾਗ ਅਲਾਪਦੇ ਹੋਏ ਕਿਹਾ ਕਿ ਅਰਥ ਭਰਪੂਰ ਗੱਲਬਾਤ ਲਈ ਮਾਹੌਲ ਬਣਾਉਣਾ ਭਾਰਤ ਸਰਕਾਰ ਦੀ ਜ਼ਿੰਮੇਵਾਰੀ ਹੈ ਅਤੇ ਉਸ ਨੂੰ ਕਸ਼ਮੀਰ ਵਿੱਚਏਦਾਂ ਦਾ ਮਾਹੌਲ ਬਣਾਉਣਾ ਪਵੇਗਾ। ਇਸ ਤੋਂ ਇੱਕ ਦਿਨ ਪਹਿਲਾਂ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਇਹੋ ਕਿਹਾ ਸੀ ਕਿ ਭਾਰਤ-ਪਾਕਿਸਤਾਨ ਵਿਚਾਲੇ ਅਮਨ ਕਾਇਮ ਹੁੰਦਾ ਹੈ ਤਾਂ ਇਸ ਦੇ ਨਾਲ ਭਾਰਤ ਨੂੰ ਸਾਧਨਾਂ ਤੋਂ ਭਰਪੂਰ ਮੱਧ ਏਸ਼ੀਆ ਤੱਕ ਸਿੱਧੇ ਪੁੱਜਣ ਵਿਚ ਮਦਦ ਮਿਲੇਗੀ। ਉਨ੍ਹਾ ਨੇ ਪਿਛਲੇ ਮਹੀਨੇ ਵੀ ਦੋਸਤੀ ਦਾ ਹੱਥ ਵਧਾਇਆ ਤੇ 25 ਫਰਵਰੀ ਨੂੰ ਦੋਵਾਂ ਦੇਸ਼ਾਂ ਦੀਆਂ ਫੌਜਾਂ ਵਿਚਾਲੇ ਜੰਗਬੰਦੀ ਦੇ ਸਾਂਝੇ ਐਲਾਨ ਦਾ ਸਵਾਗਤ ਕਰਦੇ ਹੋਏ ਆਖਿਆ ਸੀ ਕਿ ਉਨ੍ਹਾਂ ਦਾ ਦੇਸ਼ ਭਾਰਤ ਨਾਲ ਸਾਰੇ ਲਟਕਦੇ ਮੁੱਦੇ ਗੱਲਬਾਤ ਵਾਰਤਾ ਰਾਹੀਂ ਸੁਲਝਾਉਣ ਨੂੰ ਤਿਆਰ ਹੈ। ਜਵਾਬ ਵਿੱਚ ਭਾਰਤ ਨੇ ਕਿਹਾ ਸੀ ਕਿ ਅੱਤਵਾਦ ਤੋਂ ਮੁਕਤ ਮਾਹੌਲ ਵਿਚ ਪਾਕਿਸਤਾਨ ਨਾਲ ਸਬੰਧ ਆਮ ਵਾਂਗ ਹੋ ਸਕਦੇ ਹਨ, ਪਰ ਗੱਲਬਾਤ ਅਤੇ ਅੱਤਵਾਦ ਇੱਕੋ ਵੇਲੇ ਨਹੀਂ ਚੱਲ ਸਕਦੇ, ਇਸ ਲਈ ਪਾਕਿਸਤਾਨ ਪਹਿਲਾਂ ਭਾਰਤ ਖ਼ਿਲਾਫ਼ ਹਮਲੇ ਕਰਨ ਵਾਲੇ ਅੱਤਵਾਦੀਆਂ ਦੇ ਖ਼ਿਲਾਫ਼ ਕਦਮ ਚੁੱਕੇ।





# ਟੈਕਸਾਸ 'ਚ ਪਿਕਅਪ ਗੱਡੀ ਦੇ ਹਾਦਸੇ ਦੌਰਾਨ ਅੱਠ ਪ੍ਰਵਾਸੀਆਂ ਦੀ ਮੌਤ

ਵਾਸ਼ਿੰਗਟਨ-ਟੈਕਸਾਸ ਦੇ ਡੇਲ ਰਿਓ ਸ਼ਹਿਰ ਵਿੱਚ ਆਵਾਜ਼ਾਈ ਨਿਯਮਾਂ ਦੀ ਉਲੰਘਣਾ ਕਰਕੇ ਪੁਲਸ ਤੋਂ ਬੱਚ ਕੇ ਭੱਜ ਰਿਹਾ ਪਿਕਅਪ ਟਰੱਕ ਦੂਜੇ ਟਰੱਕ ਨਾਲ ਟਕਰਾ ਗਿਆ। ਇਸ ਹਾਦਸੇ ਵਿੱਚ ਅੱਠ ਲੋਕਾਂ ਦੀ ਮੌਤ ਹੋ ਗਈ, ਜਿਸ ਬਾਰੇ ਪੁਲਸ ਅਗਲੀ ਜਾਂਚ ਕਰ ਰਹੀ ਹੈ। ਟੈਕਸਾਸ ਜਨਸੁਰੱਖਿਆ ਵਿਭਾਗ ਨੇ ਦੱਸਿਆ ਕਿ ਪੁਲਸ ਫੋਰਸ ਕੱਲ੍ਹ ਦੁਪਹਿਰੇ ਅਮਰੀਕਾ ਦੇ ਹਾਈਵੇਅ 277 @ਤੇ ਪ੍ਰਵਾਸੀਆਂ ਨੂੰ ਲੈ ਕੇ ਜਾ ਰਹੇ ਲਾਲ ਪਿਕਅਪ ਟਰੱਕ ਦਾ ਪਿੱਛਾ ਕਰ ਰਹੀਸੀ ਤਾਂ ਉਸ ਦੀ ਡੇਲ ਰਿਉ ਵਿੱਚ ਚਿੱਟੇ ਰੰਗ ਦੇ ਟਰੱਕ ਨਾਲ ਆਹਮੋ-ਸਾਹਮਣੀ ਟੱਕਰ ਹੋ ਗਈ। ਉਸ ਨੇ ਦੱਸਿਆ ਕਿ ਹਾਦਸੇ ਵਿੱਚ ਪਿਕਅਪ ਟਰੱਕ ਵਿੱਚ ਸਵਾਰ ਇੱਕ ਵਿਅਕਤੀ ਅਤੇ ਦੂਜੇ ਟਰੱਕ ਵਿੱਚ ਸਵਾਰ ਇੱਕ ਬੱਚਾ ਤੇ ਟਰੱਕ ਡਰਾਈਵਰ ਜ਼ਖ਼ਮੀ ਹੋ ਗਏ। ਉਨ੍ਹਾਂ ਨੂੰ ਹਸਪਤਾਲ ਵਿੱਚ ਭਰਤੀ ਕਰਾਇਆ ਗਿਆ ਹੈ। ਜਨਸੁਰੱਖਿਆ ਵਿਭਾਗ ਨੇ ਦੱਸਿਆ ਕਿ ਪਿਕਅਪ ਗੱਡੀ ਵਿੱਚ ਸਵਾਰ ਅੱਠ ਲੋਕਾਂ ਦੀ ਮੌਤ ਹੋ ਗਈ ਅਤੇ ਇਹ ਸਾਰੇ ਲੋਕ ਗ਼ੈਰ ਕਾਨੂੰਨੀ ਪ੍ਰਵਾਸੀ ਸਨ। ਉਸ ਨੇ ਇਹ ਨਹੀਂ ਦੱਸਿਆ ਕਿ ਪਿਕਅਪ ਟਰੱਕ ਡਰਾਈਵਰ ਨੇ ਆਵਾਜ਼ਾਈ ਦੇ ਕਿਹੜੇ ਨਿਯਮ ਦੀ ਉਲੰਘਣਾ ਕੀਤੀ ਸੀ, ਜਿਸ ਕਾਰਨ ਪੁਲਸ ਨੇ ਉਨ੍ਹਾਂ ਦਾ ਪਿੱਛਾ ਕੀਤਾ। ਕਾਊਂਟੀ ਦੇ ਸ਼ੈਰਿਫ ਜੋਏ ਫ੍ਰੈਂਕ ਮਾਰਟਿਨੇਜ਼ ਨੇ ਦੱਸਿਆ ਕਿ ਸਾਰੇ ਮ੍ਰਿਤਕ ਮੈਕਸੀਕੋ ਦੇ ਵਾਸੀ ਸਨ ਅਤੇ ਉਨ੍ਹਾਂ ਦੀ ਉਮਰ 18 ਤੋਂ 20 ਸਾਲ ਸੀ। ਉਨ੍ਹਾਂ ਨੇ ਦੱਸਿਆ ਕਿ ਮ੍ਰਿਤਕਾਂ ਵਿੱਚ ਸੱਤ ਪੁਰਸ਼ ਅਤੇ ਇੱਕ ਔਰਤ ਸੀ। ਜਨਸੁਰੱਖਿਆ ਵਿਭਾਗ ਨੇ ਦੱਸਿਆ ਕਿ ਪਿਕਅਪ ਟਰੱਕ ਡਰਾਈਵਰ ਸੇਬੈਸਟੀਯਨ ਟਾਵਰ (24) ਹਾਦਸੇ ਤੋਂ ਬਾਅਦ ਫਰਾਰ ਹੋ ਗਿਆ ਸੀ, ਪਰ ਬਾਅਦ ਵਿੱਚ ਪੁਲਸ ਨੇ ਉਸ ਨੂੰ ਗ਼ਫ਼ਿਤਾਰ ਕਰ ਲਿਆ ਹੈ।

# ਵੈਨਕੂਵਰ ਡਾਊਨ ਟਾਊਨ ਵਿਚ ਔਰਤ ਦੀ ਗੋਲੀ ਮਾਰ ਕੇ ਹੱਤਿਆ

ਵੈਨਕੂਵਰ-ਡਾਊਨ ਟਾਊਨ ਈਸਟ ਸਾਈਟ ਵਿਚ ਬੁੱਧਵਾਰ ਸਵੇਰੇ ਇਕ ਔਰਤ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਹ ਘਟਨਾ ਸਵੇਰੇ 4 ਵਜੇ ਦੇ ਕਰੀਬ ਵਾਪਰੀ। ਪੁਲਿਸ ਨੂੰ ਐਰਕੋ ਹੋਟਲ ਤੋਂ ਫੋਨ ਆਇਆ ਸੀ ਕਿ ਨੇੜੇ ਦੀ ਪ੍ਰਾਪਰਟੀ ਤੋਂ ਗੋਲੀ ਚੱਲਣ ਦੀ ਆਵਾਜ਼ ਆਈ ਹੈ। ਜਦੋਂ ਪੁਲਿਸ ਮੌਕੇ 'ਤੇ ਪੁੱਜੀ ਤਾਂ ਉਸ ਨੂੰ ਇਕ ਔਰਤ ਗੰਭੀਰ ਜ਼ਖ਼ਮੀਹਾਲਤ ਵਿਚ ਮਿਲੀ ਪਰ ਉਹ ਹਸਪਤਾਲ ਜਾ ਕੇ ਦਮ ਤੋੜ ਗਈ। ਇਸ ਸਬੰਧ ਵਿਚ ਕੋਈ ਗ੍ਰਿਫ਼ਤਾਰੀ ਨਹੀਂ ਹੋਈ। ਪੁਲਿਸ ਨੂੰ ਸ਼ੱਕ ਹੈ ਕਿ ਗੋਲੀ ਮਾਰਨ ਵਾਲਾ ਵਿਅਕਤੀ ਅਫਸਰਾਂ ਦੇ ਪਹੁੰਚਣ ਤੋਂ ਪਹਿਲਾਂ ਹੀ ਮੌਕੇ ਤੋਂ ਭੱਜ ਗਿਆ।





ਇਹ ਮਹਾਂਮਾਰੀ ਦਾ ਗੰਭੀਰ ਸਮਾਂ ਹੈ ਅਤੇ ਤੁਹਾਡੀਆਂ ਕੋਸ਼ਿਸ਼ਾਂ ਅੰਤਰ ਲਿਆ ਰਹੀਆਂ ਹਨ। ਮੌਸਮ ਗਰਮ ਹੋਣ ਨਾਲ ਬਾਹਰ ਮਿਲਣਾ ਸੁਰੱਖਿਅਤ ਹੋ ਜਾਂਦਾ ਹੈ - ਜੇ ਅਸੀਂ ਮੁੱਢਲੀਆਂ ਗੱਲਾਂ ਯਾਦ ਰੱਖੀਏ। ਇਸਦਾ ਮਤਲਬ ਹੈ ਸਿਰਫ ਬਾਹਰ ਹੀ ਮਿਲਣਾ, 10 ਤੋਂ ਜ਼ਿਆਦਾ ਲੋਕਾਂ ਦਾ ਗਰੁੱਪ ਨਾ ਹੋਵੇ ਅਤੇ ਗਰੁੱਪ ਵਿੱਚ ਹਰ ਵਾਰ ਉਹੀ ਲੋਕ ਹੋਣ, ਬਦਲਣ ਨਾ। ਸੁਰੱਖਿਅਤ ਦੂਰੀ ਬਣਾਉਣਾ ਯਾਦ ਰੱਖੋ ਅਤੇ ਆਪਣੇ ਹੱਥਾਂ ਨੂੰ ਹਮੇਸ਼ਾਂ ਸਾਫ਼ ਕਰਦੇ ਰਹੋ। ਰਲ ਕੇ ਅਸੀਂ ਇਸ ਮਹਾਂਮਾਰੀ ਨੂੰ ਪਿੱਛੇ ਛੱਡ ਸਕਦੇ ਹਾਂ।

BRITISH COLUMBIA

ਜਾਣਕਾਰੀ ਲਈ ਜਾਓ: gov.bc.ca/covid19

# ਬਾਬਾ ਬਕਾਲਾ ਸਾਹਿਬ ਵਿਖੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ਾਲ ਗੁਰਮਤਿ ਸਮਾਗਮ

## ਹਕੂਮਤਾਂ ਵੱਲੋਂ ਸਮੇਂ ਸਮੇਂ ਧਾਰਮਿਕ ਅਜ਼ਾਦੀ 'ਤੇ ਹਮਲੇ ਦੇਸ਼ ਲਈ ਸਦਾ ਨੁਕਸਾਨਦੇਹ ਰਹੇ-ਗਿਆਨੀ ਹਰਪ੍ਰੀਤ ਸਿੰਘ

ਰਈਆ (ਦਵਿੰਦਰ ਸਿੰਘ ਭੰਗੂ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਬਾਬਾ ਬਕਾਲਾ ਸਾਹਿਬ ਵਿਖੇ ਵਿਸ਼ਾਲ ਗੁਰਮਤਿ ਸਮਾਗਮ ਦੌਰਾਨ ਹਜ਼ਾਰਾਂ ਸੰਗਤਾਂ ਨੇ ਸ਼ਿਰਕਤ ਕੀਤੀ,ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਜਿੱਥੇ ਗੁਰੂ ਸਾਹਿਬ ਦੇ ਜੀਵਨ ਇਤਿਹਾਸ ਅਤੇ ਉਨ੍ਹਾਂ ਦੇ ਫ਼ਲਸਫ਼ੇ ਤੋਂ ਸੰਗਤ ਨੂੰ ਜਾਣੂ ਕਰਵਾਇਆ, ਉੱਥੇ ਹੀ ਸਮੇਂ ਸਮੇਂ ਹਕੂਮਤਾਂ ਵੱਲੋਂ ਘੱਟਗਿਣਤੀਆਂ ਨੂੰ ਦਬਾਉਣ ਲਈ ਚਲੀਆਂ ਜਾਂਦੀਆਂ ਚਾਲਾਂ ਨੂੰ ਦੇਸ਼ ਲਈ ਘਾਤਕ ਦੱਸਿਆ। ਜਥੇਦਾਰ ਗ ਕਿਹਾ ਕਿ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦਾ ਸਮੁੱਚਾ ਜੀਵਨ ਮਨੁੱਖਤਾ ਲਈ ਪ੍ਰੇਰਨਾ ਸਰੋਤ ਅਤੇ ਉਨ੍ਹਾਂ ਦੀ ਸ਼ਹਾਦਤ ਸੰਸਾਰ ਅੰਦਰ ਵਿਲੱਖਣ ਅਤੇ ਅਦੁੱਤੀ ਹੈ। ਉਨ੍ਹਾਂ ਆਖਿਆ ਕਿ ਜਦੋਂ ਗੁਰੂ ਸਾਹਿਬ ਜੀ ਦੀ ਪਾਵਨ ਸ਼ਹਾਦਤ ਹੋਈ ਉਸ ਸਮੇਂ ਔਰੰਗਜ਼ੇਬ ਖ਼ਾਸ ਨੀਤੀ ਤਹਿਤ ਗੈਰ ਮੁਸਲਮਾਨਾਂ ਨੂੰ ਦਬਾ ਰਿਹਾ ਸੀ। ਇਸੇ ਜਬਰੀ ਧਰਮ ਪਰਿਵਰਤਨ ਦੀ ਨੌਵੇਂ ਪਾਤਸ਼ਾਹ ਨੇ ਸਖ਼ਤ ਵਿਰੋਧਤਾ ਕੀਤੀ ਅਤੇ ਮਨੁੱਖੀ ਹੱਕਾਂ ਦੀ ਰਖਵਾਲੀ ਲਈ ਆਪਣੀ ਸ਼ਹਾਦਤ ਦਿੱਤੀ। ਉਨ੍ਹਾਂ ਕਿਹਾ ਕਿ ਅੱਜ ਵੀ ਦੇਸ਼ ਦੇ ਹਾਲਾਤ ਅਜਿਹਾ ਹੀ ਦ੍ਰਿਸ਼ ਪੇਸ਼ ਕਰ ਰਹੇ ਹਨ। ਅੱਜ ਦੇ ਹਾਕਮ ਇਕ ਧਰਮ ਦਾ ਰਾਸ਼ਟਰ ਬਣਾਉਣ ਦੀ ਨੀਤੀ 'ਤੇ ਹੀ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਜਿਹੀ ਨੀਤੀ ਦੇਸ਼ ਲਈ ਹਮੇਸ਼ਾ ਨੁਕਸਾਨਦੇਹ ਰਹੀ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਦੇਸ਼ ਅੰਦਰ ਵੱਖ-ਵੱਖ ਧਰਮਾਂ, ਰੀਤੀ ਰਿਵਾਜ਼ਾਂ ਅਤੇ ਫ਼ਿਰਕਿਆਂ ਦੇ ਲੋਕ ਵੱਸਦੇ ਹਨ, ਜਿਨ੍ਹਾਂ ਦੀ ਧਾਰਮਿਕ ਅਜ਼ਾਦੀ ਅਤੇ ਹੱਕ ਹਕੂਮਤ ਗੁਰੂ ਸਾਹਿਬ ਵੱਲੋਂ ਦਿਖਾਏ ਮਾਰਗ ਅਨੁਸਾਰ ਸੁਰੱਖਿਅਤ ਰਹਿਣੇ ਚਾਹੀਦੇ ਹਨ। ਉਨ੍ਹਾਂ ਨੌਵੇਂ ਪਾਤਸ਼ਾਹ ਜੀ ਦੇ ਫ਼ਲਸਫ਼ੇ ਦੀ ਗੱਲ ਕਰਦਿਆਂ ਕਿਹਾ ਕਿ ਗੁਰੂ ਸਾਹਿਬ ਨੇ ਤਿਆਗ ਅਤੇ ਬੈਰਾਗੀ ਦੀ ਨਵੀਂ ਪਰਿਭਾਸ਼ਾ ਕਾਇਮ ਕੀਤੀ, ਜਿਸ ਨੇ ਸਮਾਜ ਅੰਦਰ ਰਹਿੰਦਿਆਂ ਨਿਰਲੇਪ ਜੀਵਨ ਜਿਉਣ ਲਈ ਪ੍ਰੇਰਿਆ।

ਸਮਾਗਮ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੇ ਸਮਾਜ ਦੀ ਬਿਹਤਰੀ ਲਈ ਜੋ ਮਾਰਗ ਦਰਸ਼ਨ ਦਿੱਤਾ, ਉਹ ਦੁਨੀਆ ਦੇ ਧਾਰਮਿਕ ਇਤਿਹਾਸ ਅੰਦਰ ਅਸਲੋਂ ਨਿਵੇਕਲਾ ਹੈ। ਸਿੱਖ ਵਿਚਾਰਧਾਰਾ ਵਿਚ ਨੌਵੇਂ ਪਾਤਸ਼ਾਹ ਜੀ ਦਾ ਮਨੁੱਖਤਾ ਨੂੰ ਉੱਚਾ ਚੁੱਕਣ ਵਾਲਾ ਫ਼ਲਸਫ਼ਾ ਸਾਡੀ ਅਗਵਾਈ ਕਰਦਾ ਹੈ। ਅਸੀਂ ਕਿਸ ਤਰ੍ਹਾਂ ਹਰ ਧਰਮ ਦੇ ਲੋਕਾਂ ਨਾਲ ਪਰਸਪਰ ਸਬੰਧ ਪੈਦਾ ਕਰਨੇ ਹਨ, ਇਹ ਗੁਰੂ ਸਾਹਿਬ ਜੀ ਦੀ ਜੀਵਨ ਫ਼ਲਸਫ਼ੇ ਵਿੱਚੋਂ ਪ੍ਰਤੱਖ ਹੁੰਦਾ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੇ 400 ਸਾਲਾ ਪ੍ਰਕਾਸ਼ ਪੁਰਬ ਮੌਕੇ ਉਨ੍ਹਾਂ ਦੀ ਵਿਚਾਰਧਾਰਾ ਨੂੰ ਉਭਾਰਨਾ ਅਤੇ ਅਪਣਾਉਣਾ ਹੀ ਉਨ੍ਹਾਂ ਪ੍ਰਤੀ ਸੱਚਾ ਸਮਰਪਣ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਐਲਾਨ ਕੀਤਾ ਕਿ ਸਾਰਾ ਸਾਲ ਗੁਰੂ ਸਾਹਿਬ ਜੀ ਦੇ ਫ਼ਲਸਫ਼ੇ ਨੂੰ ਪ੍ਰਚਾਰਨ ਲਈ ਜ਼ੋਰਦਾਰ ਪ੍ਰਚਾਰ ਲਹਿਰ ਜਾਰੀ ਰੱਖੀ ਜਾਵੇਗੀ, ਜਿਸ ਤਹਿਤ ਪਿੰਡ ਪੱਧਰ 'ਤੇ ਸਮਾਗਮ ਕੀਤੇ ਜਾਣਗੇ। ਉਨ੍ਹਾਂ ਇਹ ਵੀ ਕਿਹਾ ਕਿ 20 ਮਾਰਚ ਨੂੰ ਸ੍ਰੀ ਅੰਮ੍ਰਿਤਸਰ ਤੋਂ ਦਿੱਲੀ ਲਈ ਸਜਾਇਆ ਜਾਣ ਵਾਲਾ ਨਗਰ ਕੀਰਤਨ ਅਲੌਕਿਕ ਹੋਵੇਗਾ, ਜੋ ਪੰਜਾਬ, ਹਰਿਆਣਾ ਵਿਚ ਸਥਿਤ ਨੌਵੇਂ ਪਾਤਸ਼ਾਹ ਦੇ ਅਸਥਾਨਾਂ ਤੋਂ ਹੋ ਕੇ ਜਾਵੇਗਾ ਅਤੇ ਮੁੜ ਦਿੱਲੀ ਤੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਆ ਕੇ ਸੰਪੂਰਨ ਹੋਵੇਗਾ। ਉਨ੍ਹਾਂ ਸਮਾਗਮ ਦੌਰਾਨ ਪੁੱਜਣ ਵਾਲੀਆਂ ਸੰਗਤਾਂ ਅਤੇ ਪ੍ਰਮੁੱਖ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ।







ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਸੰਗਤ ਨੂੰ ਗੁਰਬਾਣੀ ਆਸ਼ੇ ਅਨੁਸਾਰ ਜੀਵਨ ਜਿਉਣ ਦੀ ਪ੍ਰੇਰਨਾ ਕੀਤੀ। ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਵੱਲੋਂ ਹਾਜ਼ਰੀ ਭਰਦਿਆਂ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਨੇ ਕਿਹਾ ਕਿ ਨੌਵੇਂ ਪਾਤਸ਼ਾਹ ਦਾ ਪ੍ਰਕਾਸ਼ ਪੁਰਬ ਸਾਡੇ ਸਮਿਆਂ ਅੰਦਰ ਆਉਣਾ ਸਾਡੀ ਖ਼ੁਸ਼ਕਿਸਮਤੀ ਹੈ। ਉਨ੍ਹਾਂ ਕਿਹਾ ਕਿ ਦਮਦਮੀ ਟਕਸਾਲ ਵੱਲੋਂ ਪੁੱਜੇ ਸੁਨੇਹੇ ਅਨੁਸਾਰ 400 ਸਾਲਾ ਪ੍ਰਕਾਸ਼ ਪੁਰਬ ਸ਼ਤਾਬਦੀ ਮੌਕੇ ਕੀਤੇ ਜਾਣ ਵਾਲੇ ਸਾਰੇ ਸਮਾਗਮਾਂ ਦੌਰਾਨ ਭਰਵਾਂ ਸਹਿਯੋਗ ਕੀਤਾ ਜਾਵੇਗਾ। ਦਲ ਬਾਬਾ ਬਿਧੀ ਚੰਦ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰ ਸਿੰਘ ਅਤੇ ਕਾਰ ਸੇਵਾ ਖਡੂਰ ਸਾਹਿਬ ਦੇ ਮੁਖੀ ਪਦਮਸ੍ਰੀ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਨੇ ਸੰਗਤ ਨੂੰ ਗੁਰੂ ਸਾਹਿਬ ਜੀ ਦੇ ਇਤਿਹਾਸਕ 400 ਸਾਲਾ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਬਾਣੀ ਅਤੇ ਬਾਣੇ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ। ਸਟੇਜ ਸੰਚਾਲਨ ਦੀ ਸੇਵਾ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਨਿਭਾਈ ਗਈ। ਇਸ ਤੋਂ ਪਹਿਲਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਉਂਕਾਰ ਸਿੰਘ, ਭਾਈ ਗੁਰਕੀਰਤ ਸਿੰਘ ਤੇ ਭਾਈ ਸੁਖਵੰਤ ਸਿੰਘ ਦੇ ਜਥਿਆਂ ਨੇ ਸੰਗਤ ਨੂੰ ਗੁਰਬਾਣੀ ਕੀਰਤਨ ਨਾਲ ਜੋੜਿਆ ਅਤੇ ਸਿੰਘ ਸਾਹਿਬ ਗਿਆਨੀ ਮਾਨ ਸਿੰਘ ਨੇ ਕਥਾ ਵਿਚਾਰਾਂ ਸਰਵਣ ਕਰਵਾਈਆਂ। ਸਮਾਗਮ ਸਮੇਂ ਵੱਖ-ਵੱਖ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਗੁਰੂ ਬਖ਼ਸ਼ਿਸ਼ ਸਿਰੋਪਾਉ ਦੇ ਕੇ ਸਨਮਾਨਿਤ ਕੀਤਾ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲਾ ਮਹੱਲਾ ਮੌਕੇ ਪੁੱਜਣ ਵਾਲੀਆਂ ਸੰਗਤਾਂ ਲਈ ਰੂਪਨਗਰ ਦੀ ਡਿਪਟੀ ਕਮਿਸ਼ਨਰ ਵੱਲੋਂ 72 ਘੰਟੇ ਪਹਿਲਾਂ ਕੋਰੋਨਾ ਦੀ ਰਿਪੋਰਟ ਲੈ ਕੇ ਆਉਣ ਨੂੰ ਮੰਦਭਾਗਾ ਕਰਾਰ ਦਿੰਦਿਆਂ ਇਸ ਨੂੰ ਸਰਕਾਰ ਦੀ ਮੰਦਭਾਗੀ ਕਰਾਰ ਦਿੱਤਾ ਅਤੇ ਕਿਹਾ ਕਿ ਇਹ ਲੱਖਾਂ ਦੀ ਗਿਣਤੀ ਵਿਚ ਗੁਰੂ ਸਾਹਿਬ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਨ ਲਈ ਪੁੱਜਣ ਵਾਲੀਆਂ ਸੰਗਤਾਂ ਨੂੰ ਰੋਕਣ ਦੀ ਕੋਝੀ ਚਾਲ ਹੈ। ਇਹ ਸੰਭਵ ਹੀ ਨਹੀਂ ਹੋ ਸਕਦਾ ਕਿ 72 ਘੰਟੇ ਪਹਿਲਾਂ ਏਨੀ ਵੱਡੀ ਗਿਣਤੀ ਵਿਚ ਸੰਗਤਾਂ ਟੈੱਸਟ ਕਰਵਾ ਸਕਣ। ਜੇਕਰ ਪੰਜਾਬ ਦੀ ਕਾਂਗਰਸ ਸਰਕਾਰ ਸੰਗਤਾਂ ਨੂੰ ਸਿੱਧੇ ਤੌਰ 'ਤੇ ਰੋਕਣਾ ਚਾਹੁੰਦੀ ਹੈ ਤਾਂ ਉਹ ਖ਼ੁਦ ਐਲਾਨ ਕਰੇ। ਪ੍ਰਸ਼ਾਸਨ ਨੂੰ ਮੋਹਰਾਂ ਬਣਾਉਣਾ ਜਾਇਜ਼ ਨਹੀਂ। ਬੀਬੀ ਜਗੀਰ ਕੌਰ ਨੇ ਕਿਹਾ ਕਿ ਸ਼ਰਧਾ ਭੇਟ ਕਰਨਾ ਸੰਗਤ ਦਾ ਅਧਿਕਾਰ ਹੈ ਅਤੇ ਸਰਕਾਰ ਨੂੰ ਅਜਿਹੇ ਫ਼ੈਸਲੇ ਨਹੀਂ ਦਿਵਾਉਣੇ ਚਾਹੀਦੇ। ਉਨ੍ਹਾਂ ਫ਼ੈਸਲਾ ਵਾਪਸ ਲੈਣ ਦੀ ਮੰਗ ਕੀਤੀ।




GLOBAL INSURANCE

"WE SECURE YOUR VALUES"

Specialist in :
• Home Owners • Business
• Farm • Fleet • Prorate
• Cargo • Visitor to Canada
• ICBC Auto • Travel Medical
• Liability • Tenants
• Private Motorcycle • Boat
• Course of Construction
• Commercial Property
• Rental Home • High Value Homes




GULSHARAN S. WALIA HARVINDER WALIA KANWAR (SUNNY) WALIA

• ਘਰ • ਵਿਓਪਾਰ • ਫਾਰਮ • ਫਲੀਟ • ਪਰੋਰੇਟ • ਕਾਰਗੋ
• ਵੈਨ, ਕਾਰ, ਟਰੱਕ • ਟਰੈਵਲ ਮੈਡੀਕਲ
• ਕਿਰਾਏਦਾਰ • ਪ੍ਰਾਈਵੇਟ ਮੋਟਰਸਾਈਕਲ
• ਬੋਟ/ਕਿਸ਼ਤੀ • ਕੰਸਟਰਕਸ਼ਨ • ਕਮਰਸ਼ੀਅਲ ਪ੍ਰਾਪਰਟੀ
• ਰੈਂਟਲ ਘਰ • ਹਾਈ ਵੈਲਿਊ ਵਾਲੇ ਘਰ ਦੀ ਇੰਸ਼ੋਰੈਂਸ
• ਵਿਜਟਰ ਤੇ ਨਵੇਂ ਇੰਮੀਗਰਾਂਟਸ ਦੀ ਮੈਡੀਕਲ ਇੰਸ਼ੋਰੈਂਸ

Autoplan

New Producers Welcome

Call Now For SUPER VISA INSURANCE

ਤੁਹਾਡੀ ਸੇਵਾ ਲਈ ਦਫ਼ਤਰ ਹਫ਼ਤੇ ਦੇ ਸੱਤੇ ਦਿਨ ਹੀ ਖੁੱਲ੍ਹਾ ਰਹਿੰਦਾ ਹੈ

ਤੁਹਾਡੀ ਸੇਵਾ ਲਈ ਦਫ਼ਤਰ ਹਫ਼ਤੇ ਦੇ ਸੱਤੇ ਦਿਨ ਹੀ ਖੁੱਲ੍ਹਾ ਰਹਿੰਦਾ ਹੈ

Open 7 Days a Week

ਸੁਪਰ ਵੀਜਾ ਇੰਸ਼ੋਰੈਂਸ ਲਈ ਅੱਜ ਹੀ ਫੋਨ ਕਰੋ

3 LOCATIONS TO SERVE YOU :

www.globalins.ca

#101 - 2464 Clearbrook Rd.
Abbotsford, BC V2T 2X8
604-852-8111
Fax: 604-852-4446

#102 - 18408 64th Ave.
Surrey, BC V3S 1E9
604-574-5115
Fax: 604-574-5116

#115 - 6820 188th St.
Surrey, BC V4N 3G6
604-574-1771
Fax: 604-574-1761



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663

## MATRIMONIALS

### ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਉਮਰ 26 ਸਾਲ ਕੱਦ 5'10", ਨਸ਼ਿਆਂ ਤੋਂ ਰਹਿਤ, BTECH(ਮਕੈਨੀਕਲ), ਲਈ ਕੈਨੇਡੀਅਨ ਸਿਟੀਜ਼ਨ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਲੜਕਾ ਇੰਡੀਆ ਵਿੱਚ ਹੈ। ਲੜਕੇ ਕੋਲ ਇੰਡੀਆ ਵਿੱਚ 13 ਕਿੱਲੇ ਜ਼ਮੀਨ ਹੈ। ਲੜਕੇ ਦਾ ਪਰਿਵਾਰ ਕੈਨੇਡਾ ਵਿਚ ਵਧੀਆ ਸੈਟਲਡ ਹੈ। ਸੰਪਰਕ: 778-713-0015 ਜਾਂ ਇੰਡੀਆ: 98156-34151

✦✦✦✦✦✦✦✦✦✦✦✦✦✦

ਕੈਨੇਡੀਅਨ ਪੀ.ਆਰ., ਉਮਰ 28 ਸਾਲ ਕੱਦ 5'11", ਵਾਸਤੇ ਸੋਹਣੀ ਸੁਨੱਖੀ ਲੜਕੀ ਦੀ ਲੋੜ ਹੈ। ਉਹ ਪਰਿਵਾਰ ਸੰਪਰਕ ਕਰਨ ਜੋ ਉਸ ਦੇ ਇੰਡੀਅਨ ਭਰਾ ਉਮਰ 23 ਸਾਲ ਕੱਦ 5'8" ਨੂੰ ਕਨੇਡੀਅਨ ਪੀ.ਆਰ ਲੜਕੀ ਦਾ ਰਿਸ਼ਤਾ ਕਰਵਾ ਸਕਣ। ਮਾਲਵੇ ਜ਼ਿਲੇ ਨੂੰ ਪਹਿਲ। ਸੰਪਰਕ– +91-8427380002 ਜਾਂ 604-771-2575

apr 03

✦✦✦✦✦✦✦✦✦✦✦✦✦✦

ਡੈਲਟਾ, ਬੀਸੀ (ਕੈਨੇਡਾ) ਵਿਖੇ ਰਹਿ ਰਿਹਾ Work Perimt Holder ਹਿੰਦੂ ਖੱਤਰੀ ਲੜਕਾ, ਉਮਰ 26 ਸਾਲ, ਕੱਦ 5'6", ਵਾਸਤੇ ਪੀ.ਆਰ., ਵਰਕ ਪਰਮਿਟ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ। ਲੜਕੇ ਦੀ ਭੈਣ ਦਾ ਪਰਿਵਾਰ ਡੈਲਟਾ ਵਿਖੇ ਸੈਟਲਡ ਹੈ। ਸੰਪਰਕ ਫੋਨ ਨੰਬਰ–604-600-8466, 604-600-5490

mar 27

✦✦✦✦✦✦✦✦✦✦✦✦✦✦

ਜੱਟ ਸਿੱਖ, ਉਮਰ 26 ਸਾਲ, ਕੱਦ 5 ਫੁੱਟ 11 ਇੰਚ, ਬੀ ਏ, ਐਲ ਐਲ ਬੀ, ਆਇਲੈਟਸ ਚੋ 7 ਬੈਂਡ, ਜ਼ਮੀਨ–ਜਾਇਦਾਦ ਵਾਲੇ ਇੰਡੀਆ ਰਹਿੰਦੇ ਲੜਕੇ ਵਾਸਤੇ ਕੈਨੇਡੀਅਨ ਪੀ ਆਰ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਦਾ ਪਰਿਵਾਰ ਕੈਲਗਰੀ ਰਹਿੰਦਾ ਹੈ। ਚਾਹਵਾਨ ਸੰਪਰਕ ਕਰੋ– ਫੋਨ 587-892-2691, ਇੰਡੀਆ ਨੰਬਰ–98557-86891 (ਵੈਟਸਐਪ)

apr 03

✦✦✦✦✦✦✦✦✦✦✦✦✦✦

ਕੈਨੇਡੀਅਨ ਪੀ.ਆਰ., ਉਮਰ 27 ਸਾਲ ਕੱਦ 5'5", ਵਾਸਤੇ ਯੋਗ ਵਰ ਦੀ ਲੋੜ ਹੈ। ਉਹ ਪਰਿਵਾਰ ਸੰਪਰਕ ਕਰਨ ਜੋ ਉਸ ਦੇ ਇੰਡੀਅਨ ਭਰਾ ਉਮਰ 29 ਸਾਲ ਕੱਦ 6'0" ਨੂੰ ਕਨੇਡੀਅਨ ਪੀ.ਆਰ ਲੜਕੀ ਦਾ ਰਿਸ਼ਤਾ ਕਰਵਾ ਸਕਣ।। ਸੰਪਰਕ– 604-761-7580 ਜਾਂ 604-599-8237

✦✦✦✦✦✦✦✦✦✦✦✦✦✦

## EMPLOYMENTS

### ਵਰਕਰਾਂ ਦੀ ਲੋੜ

ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।

ਅੱਜ ਹੀ ਸੰਪਰਕ ਕਰੋ:

ਸਾਹਿਬ ਸਿੰਘ : 778-863-9000

✦✦✦✦✦✦✦✦✦✦✦✦✦✦

### ਰਿਸੈਪਸ਼ਨਿਸਟ ਦੀ ਲੋੜ

ਸਰੀ ਵਿੱਚ ਸਥਿਤ ਦਫਤਰ ਵਿੱਚ ਫਰੰਟ ਡੈਸਕ ਜਾਂ ਰਿਸੈਪਸ਼ਨਿਸਟ ਲੜਕੀ ਦੀ ਜ਼ਰੂਰਤ ਹੈ। ਅੰਗ੍ਰੇਜ਼ੀ ਅਤੇ ਪੰਜਾਬੀ ਜ਼ਰੂਰ ਬੋਲਣੀ ਆਉਣੀ ਚਾਹੀਦੀ ਹੈ। ਵਧੇਰੇ ਜਾਣਕਾਰੀ ਲਈ 778-895-8848 ਤੇ ਕਾਲ ਕਰੋ

apr 03

✦✦✦✦✦✦✦✦✦✦✦✦✦✦

## MATRIMONIALS

### ਲੜਕੇ ਦੀ ਲੋੜ

ਜੱਟ ਸਿੱਖ ਸੋਹਣੀ ਸੁਨੱਖੀ ਲੜਕੀ, ਉਮਰ 26 ਸਾਲ ਕੱਦ 5'1", ਵਾਸਤੇ ਕੈਨੇਡੀਅਨ ਸਿਟੀਜ਼ਨ ਜਾਂ ਪੀ.ਆਰ. ਲੜਕੇ ਲੋੜ ਹੈ। ਲੜਕੀ ਇੰਡੀਆ ਰਹਿੰਦੀ ਹੈ ਅਤੇ BSC (Fashion Designing) ਕੀਤੀ ਹੋਈ ਹੈ। ਲੜਕੀ ਦਾ ਪਰਿਵਾਰ ਪਹਿਲਾਂ ਹੀ ਕੈਨੇਡਾ ਵਿਚ ਵਧੀਆ ਸੈਟਲਡ ਹੈ। ਸੰਪਰਕ– 778-713-0015 ਜਾਂ 604-319-0044

apr 03

✦✦✦✦✦✦✦✦✦✦✦✦✦✦

ਜੱਟ ਸਿੱਖ ਬਰਾੜ ਕੈਨੇਡੀਅਨ ਪੀ ਆਰ , ਉਮਰ 29 ਸਾਲ, ਕੱਦ 5 ਫੁੱਟ 6 ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ–ਫੋਨ ਨੰਬਰ 91-77105-45804 (ਵੈਟਸਐਪ)

apr 10

✦✦✦✦✦✦✦✦✦✦✦✦✦✦

## EMPLOYMENTS

### ਵਰਕਰਾਂ ਦੀ ਲੋੜ

ਜ਼ੋਰਾਵਰ ਕੰਸਟਰਕਸ਼ਨ ਲਿਮ. ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ। ਵਧੀਆ ਤਨਖਾਹ। ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਵਾਉਣ ਵਿਚ ਮਦਦ ਕੀਤੀ ਜਾਵੇਗੀ। ਸਰੀ, ਡੈਲਟਾ ਅਤੇ ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ। ਅੱਜ ਹੀ ਸੰਪਰਕ ਕਰੋ– ਲਖਵੀਰ ਸਿੰਘ ਗਰੇਵਾਲ: 778-881-0002

✦✦✦✦✦✦✦✦✦✦✦✦✦✦

### ਵਰਕਰਾਂ ਦੀ ਲੋੜ

H.R. Stucco & Renovations Ltd. ਵਾਲਿਆਂ ਨੂੰ ਕਾਮੇਆਂ ਦੀ ਜ਼ਰੂਰਤ ਹੈ। ਯੋਗਤਾ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਇਹਨਾਂ ਫੋਨ ਨੰਬਰਾਂ ਤੇ ਸੰਪਰਕ ਕਰੋ: 604-312-1325 ਜਾਂ 604-518-4800 | ਅਸੀ ਨਵੇਂ ਅਤੇ ਪੁਰਾਣੇ ਘਰਾਂ ਨੂੰ ਵਧੀਆ ਅਤੇ ਸਸਤੇ ਰੇਟਾਂ ਤੇ ਸਟੱਕੋ ਕਰਦੇ ਹਾਂ।

✦✦✦✦✦✦✦✦✦✦✦✦✦✦

ਕੰਗ ਫਾਰਮਜ਼ 4136-168 ਸਟ੍ਰੀਟ, ਸਰੀ, ਬੀ.ਸੀ. ਵਾਲਿਆਂ ਨੂੰ ਫੁਲ ਟਾਇਮ ਫਾਰਮ ਵਰਕਜ਼ ਦੀ ਜ਼ਰੂਰਤ ਹੈ। ਤਨਖਾਹ 16.75 / ਘੰਟਾ। ਕੰਮ ਪੌਦੇ, ਸਿੰਚਾਈ, ਛਾਂਗਣ, ਬੂਟੀ ਆਦਿ ਲਗਾਉਣ ਹੈ। ਅਪਲਾਈ ਕਰੋ: resume.farmworkers@gmail.com

apr 10

✦✦✦✦✦✦✦✦✦✦✦✦✦✦


ਫੌਰਮ ਰੈਂਟਲ (Form Rental) ਕੰਪਨੀ ਵਾਲਿਆਂ ਨੂੰ ਵਰਕਰਾਂ ਦੀ ਜ਼ਰੂਰਤ ਹੈ। ਕੰਮ ਫੁਲ ਟਾਇਮ ਹੈ। ਬੁਜ਼ਰਗ ਵੀ ਅਪਲਾਈ ਕਰ ਸਕਦੇ ਹਨ। ਹੋਰ ਜਾਣਕਾਰੀ ਲਈ ਕਾਲ ਕਰੋ: 604-761-9315

✦✦✦✦✦✦✦✦✦✦✦✦✦✦

### ਕਿਰਾਏ ਲਈ ਖਾਲੀ

ਸਰੀ ਵਿੱਚ 2 ਬੈਡਰੂਮ ਬੇਸਮੈਂਟ ਕਿਰਾਏ ਲਈ ਉਪਲਬਧ ਹੈ। ਵੱਖਰਾ ਲਿਵਿੰਗ ਰੂਮ, 68 ਐਵੇਨਿਊ ਅਤੇ 142 ਸਟ੍ਰੀਟ ਦੇ ਨੇੜੇ। ਸ਼ਾਕਾਹਾਰੀ ਹੋਣਾ ਚਾਹੀਦਾ ਹੈ ਅਤੇ ਸਿਗਰਟਨੋਸ਼ੀ ਮਨ੍ਹਾਂ ਹੈ। ਇੰਟਰਨੈੱਟ ਅਤੇ ਨਿੱਜੀ ਲਾਂਡਰੀ ਹੈ । ਕੋਈ ਪਾਲਤੂ ਜਾਨਵਰ ਨਹੀਂ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-961-4251

✦✦✦✦✦✦✦✦✦✦✦✦✦✦




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਮਿਲੀ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ



(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

### ਔਰੰਗਜ਼ੇਬ ਨੂੰ ਚਿੱਠੀ

33 ਔਰੰਗਜ਼ੇਬ ਨੂੰ ਭੇਜੀ ਲਿਖ ਚਿੱਠੀ, ਮੁਹਰਾਂ ਆਪਣੀਆਂ ਸਭ ਨੇ ਲਾ ਕੇ ਜੀ।
ਤੇਗ ਬਹਾਦਰ ਦਾ ਪੁੱਤ ਗੋਬਿੰਦ ਰਾਇ, ਰੱਖੇ ਕਲਗੀ ਸਿਰ ਸਜਾ ਕੇ ਜੀ।
ਫ਼ੌਜਾਂ ਜੋੜੀਆਂ ਕਿਲ੍ਹੇ ਉਸਾਰ ਰਿਹਾ, ਗੱਲਾਂ ਲਿਖੀਆਂ ਬਹੁਤ ਵਧਾ ਕੇ ਜੀ।
ਹਰਚੰਦ ਸਿੰਘਾ ਅਨੰਦਪੁਰ ਤਾਈਂ, ਰਾਜਧਾਨੀ ਉਹ ਬੈਠਾ ਬਣਾ ਕੇ ਜੀ ॥

### ਔਰੰਗਜ਼ੇਬ ਦਾ ਉੱਤਰ

34 ਔਰੰਗਜ਼ੇਬ ਨੇ ਸਖ਼ਤ ਹਦਾਇਤ ਭੇਜੀ, ਫ਼ੌਜਾਂ ਇਸ ਤੇ ਤੁਰੰਤ ਚੜ੍ਹਾ ਦੇਵੋ।
ਕਿਲ੍ਹੇ ਕੋਠੇ ਕਰਲੋ ਜਬਤ ਸਾਰੇ, ਡੰਡੇ ਮਾਰ ਕੇ ਇੱਥੋਂ ਭਜਾ ਦੇਵੋ।
ਲੋੜ ਪਏ ਸਰਹਿੰਦ ਤੋਂ ਲੈ ਫ਼ੌਜਾਂ, ਇ੍ਹਧੀ ਕਲਗੀ-ਸਲਗੀ ਲਾਹ ਦੇਵੋ।
ਹਰਚੰਦ ਸਿੰਘਾ ਫੇਰ ਵੀ ਨਾ ਜਾਏ, ਆਨੰਦਪੁਰ ਨੂੰ ਥੇਹ ਬਣਾ ਦੇਵੋ ॥

### ਗੁਰੂ ਜੀ ਦਾ ਨਾਹਣ ਜਾਣਾ

35 ਰਾਜੇ ਨਾਹਨ ਦੇ ਕੋਲ ਜਦ ਗੱਲ ਆਈ, ਭੀਮ ਚੰਦ ਨੇ ਕਹਿਰ ਕਮਾਇਆ ਏ।
ਉਸੇ ਗੁਰੂ ਨੂੰ ਕਰਨ ਉਹ ਤੰਗ ਲੱਗਾ, ਪਿਤਾ ਵਾਰ ਜਿਸ ਧਰਮ ਬਚਾਇਆ ਏ।
ਮੇਰੇ ਦੇਸ ਗੁਰੂ ਜੀ ਆ ਜਾਓ, ਅਹਿਸਾਨ ਮੈਂ ਨਾ ਮੂਲ ਭੁਲਾਇਆ ਏ।
ਹਰਚੰਦ ਸਿੰਘਾ ਡੇਰਾ ਦਸਮੇਸ਼ ਜੀ ਨੇ, ਰਮਣੀਕ ਥਾਂ ਤੇ ਆਣ ਲਗਾਇਆ ਏ।
36 ਰਾਜਾ ਮੇਦਨੀ ਪ੍ਰਕਾਸ ਨਾਹਨ ਦਾ ਜੀ, ਜਿਸ ਰੱਜ ਕੇ ਗੁਰਾਂ ਦਾ ਮਾਨ ਕੀਤਾ।
ਚੱਲੇ ਜਮਨਾ ਮੜਕ ਦੇ ਨਾਲ ਜਿੱਥੇ, ਸੁਹਣੀ ਥਾਂ ਜ਼ਮੀਨ ਦਾ ਦਾਨ ਕੀਤਾ।
ਸੁਹਣਾ ਨਗਰ ਵਸਾ ਦਸਮੇਸ਼ ਜੀ ਨੇ, ਉਥੇ ਕਿਲ੍ਹੇ ਦਾ ਨਾਲ ਨਿਰਮਾਣ ਕੀਤਾ।
ਬਵੰਜਾ ਕਵੀ ਰੱਖ ਹਰਚੰਦ ਸਿੰਘਾ, ਲਿਖਣ ਪੜ੍ਹਨ ਦੇ ਵੱਲ ਧਿਆਨ ਕੀਤਾ ॥
37 ਨਿੱਕੇ ਬਾਲ ਨੂੰ ਖੂਹਾਂ-ਖਤਰਿਆਂ ਤੋਂ, ਮਾਂ ਰੱਖਦੀ ਜਿਵੇਂ ਬਚਾ ਕੇ ਜੀ।
ਸੁੱਤੀ-ਜਾਗਦੀ ਰਤਾ ਨਾ ਦੂਰ ਕਰਦੀ, ਰੱਖੇ ਹਿੱਕ ਦੇ ਨਾਲ ਲਗਾ ਕੇ ਜੀ।
ਜਮਨਾ ਨਦੀ ਦੇ ਪੱਛਮੀ ਤੱਟ ਉੱਤੇ, ਗੁਰਾਂ ਪਾਉਂਟਾ ਸਾਹਿਬ ਵਸਾ ਕੇ ਜੀ।
ਹਰਚੰਦ ਸਿੰਘਾ ਗੋਦ ਹਿਮਾਲੀਆ ਦੀ, ਸਿੱਖੀ ਪਾਲ਼ੀ ਪੰਘੂੜੇ ਪਾ ਕੇ ਜੀ ॥
38 ਪੰਜਾਬੀ, ਹਿੰਦੀ, ਫ਼ਾਰਸੀ, ਸੰਸਕ੍ਰਿਤ, ਚਾਰੇ ਪੜ੍ਹੀਆਂ ਅਤੇ ਪੜ੍ਹਾਈਆਂ ਨੇ।
ਵਿੱਦਿਆ ਨਾਲ ਬੁਲੰਦ ਹੈ ਸੂਝ ਹੁੰਦੀ, ਨਰ-ਨਾਰੀ ਨੂੰ ਇਹ ਸਿਖਾਈਆਂ ਨੇ।
ਰਣ-ਯੋਧੇ ਕਰੇ ਤਿਆਰ ਉੱਥੇ, ਲਹੂ ਪੀਣੀਆਂ ਹੱਥ ਫੜ੍ਹਾਈਆਂ ਨੇ।
ਹਰਚੰਦ ਸਿੰਘਾ ਤੀਰ, ਤੇਗ, ਬੰਦੂਕ ਘੋੜੇ, ਹੋਣ ਮਸ਼ਕਾਂ ਲੈਣ ਸਿੱਖਲਾਈਆਂ ਨੇ ॥
39 ਕਵੀ ਬੈਠ ਕਿਨਾਰੇ ਜਮਨਾ ਦੇ, ਕਲਮਾਂ ਆਪਣੀਆਂ ਉਹੋ ਚਲਾਉਣ ਲੱਗੇ।
ਜਸ ਲਿਖ ਕੇ ਬੀਰ-ਬਹਾਦਰਾਂ ਦਾ, ਵਾਰਾਂ ਜੋਸ਼ ਦੇ ਵਿੱਚ ਉਹ ਗਾਉਣ ਲੱਗੇ।
ਸਤਿਗੁਰ ਸੁਹਣੇ ਮੰਚ ਤਿਆਰ ਕਰਕੇ, ਨਿੱਤ ਕਵੀ ਦਰਬਾਰ ਲਵਾਉਣ ਲੱਗੇ।
ਹਰਚੰਦ ਸਿੰਘਾ ਠਰੇ ਖ਼ੂਨ ਤਾਈਂ, ਕਵੀ ਜਨ ਸੀ ਫਿਰ ਗਰਮਾਉਣ ਲੱਗੇ ॥

### ਗੁਰੂ ਜੀ ਦਾ ਸਿੱਖ-ਸੰਗਤਾਂ ਨੂੰ ਉਪਦੇਸ਼

40 ਸਤਿਗੁਰ ਸਿੱਖਾਂ ਨੂੰ ਬਹਿ ਉਪਦੇਸ਼ ਦੇਂਦੇ, ਜੀਣਾ ਤੁਸੀਂ ਅਣਖ ਦੇ ਨਾਲ ਸਿੱਖੋ।
ਨਿਰਭਰ ਹੋਵੋ ਨਾ ਕਦੇ ਵੀ ਕਿਸੇ ਉੱਤੇ, ਕਰਨੀ ਆਪਣੀ ਆਪ ਸੰਭਾਲ ਸਿੱਖੋ।
ਮੱਦਦ ਆਪਣੀ ਆਪ ਜੋ ਕਰਨ ਲੋਕੀ, ਰੱਬ ਹੋਂਵਦਾ ਉਨ੍ਹਾਂ ਦੇ ਨਾਲ ਸਿੱਖੋ।
ਹਰਚੰਦ ਸਿੰਘਾ ਡਰ ਤੋਂ ਮੁਕਤ ਹੋ ਕੇ, ਬਣ ਜਾਉ ਵੈਰੀ ਲਈ ਕਾਲ ਸਿੱਖੋ ॥
41 ਹੱਕ ਲੈਣੇ ਜ਼ੋਰ ਦੇ ਨਾਲ ਪੈਂਦੇ, ਕੋਈ ਮੰਗਿਆ ਪੱਲੇ ਨਾ ਪਾਂਵਦਾ ਏ।
ਜਿੰਨਾਂ ਨਿਵਜੋ ਕਿਸੇ ਦੇ ਜਾ ਮੂਹਰੇ, ਉਹੋ ਉਤਨਾ ਹੋਰ ਨਿਮਾਂਵਦਾ ਏ।
ਮੂਹਰੇ ਭੱਜਿਆਂ ਸ਼ੇਰ ਨਾ ਮਾਫ਼ ਕਰਦਾ, ਧੌਣੋਂ ਫੜ ਕੇ ਸਾਹ ਮੁਕਾਂਵਦਾ ਏ।
ਹਰਚੰਦ ਸਿੰਘਾ ਜੀਣਾ ਜਹਾਨ ਉਸਦਾ, ਮੱਥਾ ਨਾਲ ਪਹਾੜ ਜੋ ਲਾਂਵਦਾ ਏ ॥
42 ਸਾਡੇ ਪੈਰੀਂ ਪਏ ਜੋ ਸਦੀਆਂ ਤੋਂ, ਸੰਗਲ ਆਪਾਂ ਗੁਲਾਮੀ ਦੇ ਤੋੜਨੇ ਨੇ।
ਉੱਤਰ ਇੱਟ ਦਾ ਪੱਥਰ ਦੇ ਨਾਲ ਦੇਣਾ, ਮੂੰਹ ਵੈਰੀਆਂ ਦੇ ਅਸੀਂ ਮੋੜਨੇ ਨੇ।
ਮੁਲਕ ਸਾਡਾ ਜਾਬਰਾਂ ਮੱਲਿਆ ਏ, ਮੱਥੇ ਨਾਲ ਉਨ੍ਹਾਂ ਦੇ ਜੋੜਨੇ ਨੇ।
ਹਰਚੰਦ ਸਿੰਘਾ ਲਹੂ ਜੋ ਪੀਣ ਸਾਡਾ, ਲਹੂ ਉਨ੍ਹਾਂ ਦੇ ਅਸੀਂ ਨਚੋੜਨੇ ਨੇ ॥
43 ਇਹ ਦੇਸ਼ ਸਾਡਾ ਇਹ ਧਰਤ ਸਾਡੀ, ਸਾਥੋਂ ਗ਼ੈਰਾਂ ਨੇ ਖੋਹ ਲਿਆ ਆਣ ਸਿੱਖੋ।
ਸਾਨੂੰ ਟੰਗ ਤਲਵਾਰ ਦੀ ਨੋਕ ਉਤੇ, ਪੈਰੀਂ ਰੋਲਦੇ ਆਨ ਤੇ ਸ਼ਾਨ ਸਿੱਖੋ।
ਸਾਡਾ ਧਰਮ ਇਮਾਨ ਵੀ ਹਰਨ ਲੱਗੇ, ਕਾਹਦਾ ਜੀਵਣਾ ਇਸ ਜਹਾਨ ਸਿੱਖੋ।
ਹਰਚੰਦ ਸਿੰਘਾ ਬੈਠ ਨਾ ਸਦਾ ਰਹਿਣਾ, ਆਖਰ ਮੁੱਕਣੀ ਜਿਸਮ 'ਚੋਂ ਜਾਨ ਸਿੱਖੋ ॥
44 ਇਹ ਨਾ ਸਮਝਣਾ ਅਜੇ ਹਾਂ ਅਸੀਂ ਥੋੜ੍ਹੇ, ਸੂਰਜ ਇੱਕ ਹੀ ਜੱਗ ਰੁਸ਼ਨਾਂਵਦਾ ਏ।
ਡਾਰਾਂ ਭੱਜਦੀਆਂ ਸਾਹ ਨਾ ਲੈਂਦੀਆਂ ਨੇ, ਸ਼ੇਰ ਜਦ ਵੀ ਨਜ਼ਰੀ ਆਂਵਦਾ ਏ।
ਦਾਤੀ ਵੱਢ ਕੇ ਖੇਤ ਨੂੰ ਕਰੇ ਖਾਲੀ, ਹਲ ਵਾਹ ਕੇ ਕੱਖ ਸੁਕਾਂਵਦਾ ਏ।
ਹਰਚੰਦ ਸਿੰਘਾ ਪੈਰ ਜਦ ਤੁਰ ਪੈਂਦੇ, ਬੰਦਾ ਮੀਲਾਂ ਦਾ ਪੰਧ ਮੁਕਾਂਵਦਾ ਏ ॥
45 ਮੇਰੇ ਸਿੱਖੋ ਤੁਰੋ ਨਾਲ ਮੇਰੇ, ਥੋੜਾ ਖੋਹਿਆ ਸਭ ਦਿਵਾ ਦੇਣਾ।
ਲੋੜ ਪਏਗੀ ਬਹੁਤ ਕੁਰਬਾਨੀਆਂ ਦੀ, ਸਭ ਕੁੱਝ ਮੈਂ ਆਪਣਾ ਲਾ ਦੇਣਾ।
ਰਹਿੰਦੀ ਦੁਨੀਆਂ ਕਰਨਗੇ ਲੋਕ ਗੱਲਾਂ, ਇਹੋ ਜਿਹਾ ਇਤਿਹਾਸ ਬਣਾ ਦੇਣਾ।
ਹਰਚੰਦ ਸਿੰਘਾ ਤੇਗ ਦੀ ਧਾਰ ਵਿੱਚੋਂ, ਪੰਥ ਖਾਲਸਾ ਅਸਾਂ ਸਜਾ ਦੇਣਾ ॥
46 ਦੁੱਖ-ਭੁੱਖ, ਤਸੀਹੇ, ਤੰਗੀਆਂ ਤੋਂ, ਦੁਖੀ ਹੋ ਕੇ ਚਿੱਤ ਡੁਲਾਵਨਾ ਨਹੀਂ।
ਚਾਲ-ਚਲਣ ਨੂੰ ਰੱਖਿਓ ਸਾਫ਼ ਸਿੱਖੋ, ਪਰਾਈ ਨਾਰ ਨੂੰ ਕਦੇ ਤਕਾਵਨਾਂ ਨਹੀਂ।
ਜੋ ਲੜੇ ਉਹੋ ਹੀ ਰਣ ਝੜੇ, ਸ਼ਰਨ ਆਏ ਨੂੰ ਕਦੇ ਸਤਾਵਨਾ ਨਹੀਂ।
ਹਰਚੰਦ ਸਿੰਘਾ ਸਿੱਖੀ ਨੂੰ ਦਾਗ ਲੱਗੇ, ਇਹੋ ਜਿਹਾ ਕਰਮ ਕਮਾਵਨਾ ਨਹੀਂ ॥
47 ਕਿਸੇ ਧਰਮ ਦੇ ਨਾਲ ਨਹੀਂ ਵੈਰ ਸਾਡਾ, ਬੰਦ ਅਸੀਂ ਹੈ ਅੱਤਿਆਚਾਰ ਕਰਨਾ।
ਹੱਕ ਖੋਹ ਕੇ ਕਿਸੇ ਦੇ ਖਾਂਵਦਾ ਜੋ, ਉਸਨੂੰ ਵੈਰੀਆਂ ਵਿਚ ਸਮਾਰ ਕਰਨਾ।
ਕਿਸੇ ਉਤੇ ਲੜਾਈ ਥੋਪਣੀ ਨੀਂ, ਕਿਸੇ ਉਤੇ ਪਹਿਲਾਂ ਨਹੀਂ ਵਾਰ ਕਰਨਾ।
ਹਰਚੰਦ ਸਿੰਘਾ ਸੁੱਤੇ ਨੂੰ ਮਾਰਨਾ ਨਹੀਂ, ਹਮਲਾ ਵੈਰੀ ਤੇ ਸਦਾ ਲਲਕਾਰ ਕਰਨਾ ॥
48 ਮੌਤ ਰਹਿਣਾ ਸਿੱਖੋ ਗੁਲਾਮ ਹੋ ਕੇ, ਚੰਗਾ ਇਸ ਤੋਂ ਲੜ ਕੇ ਮਰ ਜਾਉ।
ਅਗਰ ਵੈਰੀ ਨੂੰ ਜਾਨੋ ਨੀਂ ਮਾਰ ਸਕਦੇ, ਸੱਟ ਮਾਰ ਕੇ ਫੱਟੜ ਤਾਂ ਕਰ ਜਾਉ।
ਸ਼ੇਰਾਂ ਵਾਂਗ ਦਹਾੜ ਕੇ ਪੈ ਜਾਉ, ਸਹੇ ਵਾਂਗ ਨਾ ਦੇਖਕੇ ਡਰ ਜਾਉ।
ਹਰਚੰਦ ਸਿੰਘਾ ਮੌਤ ਦਾ ਰੂਪ ਬਣਕੇ, ਜਾ ਵੈਰੀ ਦੀ ਹਿੱਕ ਤੇ ਚੜ੍ਹ ਜਾਉ ॥
49 ਹੁਕਮਨਾਮੇ ਗੁਰਾਂ ਨੇ ਲਿਖ ਭੇਜੇ, ਮਰ ਜੀਵੜੇ ਘਰਾਂ ਤੋਂ ਆਉਣ ਲੱਗੇ।
ਘੋੜੇ-ਘੋੜੀਆਂ ਪਾਲ਼ਕੇ ਗੁਰੂ ਲਈ, ਸੇਵਕ ਆਣ ਕੇ ਭੇਂਟ ਚੜ੍ਹਾਉਣ ਲੱਗੇ।
ਉਸ ਸਮੇਂ ਦੇ ਜੋ ਹਥਿਆਰ ਮਿਲੇ, ਗੁਰੂ ਦੱਸ਼ਣਾ ਲਈ ਲਿਆਉਣ ਲੱਗੇ।
ਹਰਚੰਦ ਸਿੰਘਾ ਪਹਾੜੀ ਕੁੱਝ ਰਾਜੇ, ਫ਼ੌਜਾਂ ਜੁੜਦੀਆਂ ਦੇਖ ਘਬਰਾਉਣ ਲੱਗੇ ॥

(ਬਾਕੀ ਅਗਲੇ ਅੰਕ ਵਿਚ)




48 YEARS OF EXCELLENCE 1973 THE LINK GROUP 2021
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM



| Rakesh Puri | Lalit (Nitu) | Amarjit Singh | Arya Bhalla | Hardam S. Maan | Shashi Madan | Shirin Mitha |
|---|---|---|---|---|---|---|
| 604-377-4085 | 604-339-1599 | 778-908-0523 | 778-788-2429 | 604-308-6663 | 604-367-5611 | 604-614-9165 |

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

## ਜ਼ਹਿਰੀਲੇ ਲੋਕ

ਜ਼ਹਿਰ ਕੇਵਲ ਸੱਪ, ਬਿਛੂਏ ਤੇ ਵੇਹ ਵਾਲੇ ਜਾਨਵਰਾਂ ਵਿੱਚ ਹੀ ਨਹੀਂ ਹੁੰਦਾ ਹੈ। ਇਨਸਾਨ ਜਹਿਰੀਲੇ ਸੱਪਾਂ ਨਾਲੋਂ ਵੀ ਜਿਆਦਾ ਜ਼ਹਿਰ ਆਪਣੇ ਵਿੱਚ ਸਮਾਈ ਬੈਠਾ ਹੈ। ਅਕਸਰ ਅਸੀਂ ਇਨਸਾਨਾਂ ਨੂੰ ਜੁਬਾਨ ਦੇ ਡੰਗ ਮਾਰਦਿਆਂ ਦੇਖਦੇ ਹਾਂ। ਕਿਸੇ ਇੱਕ ਦੀ ਚੜਦੀਕਲਾ ਵੇਖ ਜਾਂ ਕਿਸੇ ਨੂੰ ਤਰੱਕੀ ਕਰਦਾ ਵੇਖ ਅਕਸਰ ਲੋਕ ਸਹਿਨ ਨਹੀਂ ਕਰਦੇ। ਫਿਰ ਈਰਖਾ ਵਾਲਾ ਜ਼ਹਿਰ ਉਗਲਣਾ ਸ਼ੁਰੂ ਕਰਦੇ ਹਨ । ਕਈ ਹਸਦੇ ਵੱਸਦੇ ਪਰਿਵਾਰਾਂ ਨੂੰ ਵੇਖ ਨਹੀਂ ਸਕਦੇ, ਉਹ ਆਪਣੀ ਅਜਿਹੀ ਜ਼ਹਰੀਲੀ ਨਜ਼ਰ ਪਰਿਵਾਰ ਉੱਪਰ ਪਾਉਂਦੇ ਹਨ ਕਿ ਹਸਦੇ ਵੱਸਦੇ ਪਰਿਵਾਰ ਦੀਆਂ ਖੁਸ਼ੀਆਂ ਲੈ ਬੈਠਦੇ ਹਨ। ਜ਼ਹਿਰੀਲੇ ਲੋਕਾਂ ਦੀ ਇਕਾਈ ਵਿੱਚ ਉਹ ਲੋਕ ਵੀ ਸ਼ਾਮਿਲ ਹੁੰਦੇ ਹਨ, ਜੋ ਚੁਗਲੀ ਤੇ ਨਿੰਦਿਆ ਕਰਕੇ ਕਈਆਂ ਰਿਸ਼ਤਿਆਂ ਵਿੱਚ ਫਿਕ ਪਾ ਦਿੰਦੇ ਹਨ, ਉਹਨਾਂ ਦੁਆਰਾ ਕਿਸੇ ਇੱਕ ਦੇ ਕੰਨ ਵਿੱਚ ਉਗਲਿਆ ਜ਼ਹਿਰ ਰਿਸ਼ਤਿਆਂ ਦਾ ਆਪਸੀ ਸਨੇਹ ਤੇ ਮੋਹ ਖਤਮ ਕਰ ਦਿੰਦਾ ਹੈ। ਮੂੰਹ ਵਿੱਚੋਂ ਨਿਕਲੇ ਖਰਵੇ ਤੇ ਕੌੜੇ ਬੋਲ ਵੀ ਕਿਸੇ ਜ਼ਹਿਰ ਤੋਂ ਘੱਟ ਨਹੀਂ ਹੁੰਦੇ, ਜੁਬਾਨ ਦੇ ਡੰਗਾਂ ਦੇ ਡੱਸੇ ਮਨੁੱਖ ਅੰਦਰ ਦੂਸਰੇ ਮਨੁੱਖ ਦਾ ਜ਼ਹਿਰ ਰਿਸਦਾ ਰਹਿੰਦਾ ਹੈ ਤੇ ਉਸਨੂੰ ਦੁਖੀ ਕਰਦਾ ਰਹਿੰਦਾ ਹੈ। ਕਿਸੇ ਦੇ ਖਰਵੇ ਬੋਲ ਜਦ ਵੀ ਯਾਦ ਆਉਂਦੇ ਹਨ ਤਾਂ ਦਿਲ ਵਿੱਚ ਧੂਹ ਪੈਂਦੀ ਹੈ ਉਹ ਕਿਸੇ ਜਹਿਰੀਲੇ ਜਖਮ ਤੋਂ ਘੱਟ ਨਹੀਂ ਹੁੰਦੀ। ਜਹਰੀਲੇ ਲੋਕਾਂ ਦੀ ਸ਼ੇ?ਣੀ ਵਿੱਚ ਇੱਕ ਅੱਧਾ ਬਲਕਿ ਹਰ ਇਨਸਾਨ ਸ਼ਾਮਿਲ ਹੈ। ਇਹ ਇਸ ਦੁਨੀਆਂ ਦੀ ਸੱਚਾਈ ਹੈ ਕਿ ਹਰ ਪੱਧਰ ਉੱਪਰ ਹਰ ਕੋਈ ਕਿਸੇ ਨਾ ਕਿਸੇ ਉੱਪਰ ਹਾਵੀ ਹੁੰਦਾ ਹੈ, ਜੇਕਰ ਇਸ ਦੀ ਸਭ ਤੋਂ ਆਮ ਤੇ ਆਸਾਨ ਉਦਾਹਰਣ ਲੈਣੀ ਹੋਵੇ ਤਾਂ ਉਹ ਇਹ ਕਿ ਇੱਕ ਮਜ਼ਦੂਰੀ ਕਰਨ ਵਾਲਾ ਜਾਂ ਰਿਕਸ਼ਾ ਚਾਲਕ ਭਾਵੇਂ ਸਾਰੀ ਦੁਨੀਆਂ ਦੀਆਂ ਗਾਲਾਂ ਜਾਂ ਜ਼ਹਿਰ ਦਾ ਸ਼ਿਕਾਰ ਹੋਵੇ, ਆਪਣੇ ਘਰ ਜਾਕੇ ਆਪਣੀ ਪਤਨੀ ਤੇ ਬੱਚਿਆਂ ਉੱਪਰ ਉਹ ਵੀ ਹਾਵੀ ਹੋ ਜਾਂਦਾ ਹੈ, ਕਹਿਣ ਤੋਂ ਭਾਵ ਕਿ ਉਹ ਵੀ ਆਪਣਾ ਜ਼ਹਿਰ ਆਪਣੇ ਪਰਿਵਾਰ ਉੱਪਰ ਕੱਢਦਾ। ਜਿਸ ਦਾ ਜਿਸ ਉੱਪਰ ਜੋਰ ਚੱਲਦਾ ਹੈ, ਉਸ ਉੱਪਰ ਆਪਣੀ ਵਿਸ ਕੱਡ ਦਿੰਦਾ ਹੈ। ਕਈ ਵਾਰ ਅਸੀਂ ਲੋਕਾਂ ਦੇ ਅਜਿਹੇ ਵਿਵਹਾਰ ਦਾ ਸ਼ਿਕਾਰ ਹੋ ਜਾਂਦੇ ਹਾਂ, ਜਿਸ ਨਾਲ ਕਈ ਵਾਰ ਪੂਰਾ ਦਿਨ ਖਰਾਬ ਹੋ ਜਾਂਦਾ ਹੈ, ਤੇ ਕਈ ਵਾਰ ਪੂਰੀ ਜਿੰਦਗੀ।ਮੈਂ ਕਈ ਅਜਿਹੀਆਂ ਬੀਬੀਆ ਦੇਖੀਆਂ ਹਨ, ਜਿੰਨਾ ਦੀ ਪੂਰੀ ਜਿੰਦਗੀ ਜੁਬਾਨ ਦੇ ਡੰਗ ਸਹਿੰਦਿਆਂ ਗੁਜ਼ਰ ਗਈ ਹੈ।

ਸਿਆਣੇ ਕਹਿੰਦੇ ਹਨ ਕਿ ਇਸ ਦੁਨੀਆਂ ਵਿੱਚ ਹਰ ਮੁਸ਼ਕਿਲ ਦਾ ਹੱਲ ਹੈ। ਹਰ ਜ਼ਹਿਰ ਦਾ ਕੋਈ ਨਾ ਕੋਈ ਤੋੜ ਤਾਂ ਜਰੂਰ ਹੁੰਦਾ ਹੈ। ਮਨੁੱਖੀ ਜ਼ਹਿਰ ਦਾ ਵੀ ਹੈ। ਚੁੱਪ, ਸ਼ਾਤ ਰਹਿਣਾ, ਸਹਿਜਮਈ ਜਿੰਦਗੀ ਜਿਉਣ ਦੀ ਕਲਾ ਜਿਸ ਕੋਲ ਹੈ ਉਹ ਮਨੁੱਖ ਜ਼ਹਿਰੀਲੇ ਲੋਕਾਂ ਦੀ ਸ਼੍ਰੇਣੀ ਵਿਚੋਂ ਬਾਹਰ ਆ ਸਕਦਾ ਹੈ। ਇਹ ਕਲਾ ਉਸ ਮਨੁੱਖ ਕੋਲ ਹੈ ਜੋ ਅਧਿਆਤਮਕ ਤੇ ਮਾਨਸਿਕ ਤੌਰ ਤੇ ਮਜ਼ਬੂਤ ਹੈ। ਅਸੀਂ ਭਾਗਾਂ ਵਾਲੇ ਹਾਂ ਕਿ ਸਾਡੇ ਕੋਲ ਗੁਰੂ ਗ੍ਰੰਥ ਸਾਹਿਬ ਜੀ ਵਰਗੇ ਗੁਰੂ ਹਨ, ਜਿੰਨਾ ਦੀ ਗੁਰਬਾਣੀ ਕਈ ਜ਼ਹਿਰਾਂ ਨੂੰ ਅੰਮ੍ਰਿ ਵਿੱਚ ਤਬਦੀਲ ਕਰਦੀ ਹੈ। ਸਾਡਾ ਹਮੇਸ਼ਾ ਯਤਨ ਰਹੇ ਕਿ ਕੋਈ ਸਾਡੇ ਜ਼ਹਿਰ ਦਾ ਸ਼ਿਕਾਰ ਨਾ ਹੋਵੇ ਤੇ ਅਸੀ ਜ਼ਹਿਰੀਲੇ ਲੋਕਾਂ ਦੀ ਸ਼੍ਰੇਣੀ ਵਿਚੋਂ ਬਾਹਰ ਰਹਿ ਸਕੀਏ।

—ਹਰਕੀਰਤ ਕੌਰ

# ਬੰਗਾਲ 'ਚ ਗੂੰਜਿਆ ਕਿਸਾਨ ਏਕਤਾ ਜ਼ਿੰਦਾਬਾਦ ਦਾ ਨਾਅਰਾ



ਹਰਕੀਰਤ ਕੌਰ
9779118066

ਭਾਰਤ ਨੂੰ ਲੋਕਤੰਤਰ ਤੋਂ ਹਿੰਸਾਤੰਤਰ ਵਿੱਚ ਤਬਦੀਲ ਕਰਨ ਲਈ ਦੇਸ਼ ਦੀ ਸਰਕਾਰ ਨੇ ਕੋਈ ਕਸਰ ਨਹੀ ਛੱਡੀ। ਦੇਸ਼ ਦੇ ਲੋਕਾਂ ਦਾ ਖੂਨ ਪੀਣ ਲਈ ਸਰਕਾਰ ਨੇ ਹਰ ਸੰਭਵ ਕੋਸ਼ਿਸ਼ ਕੀਤੀ। ਉਹ ਭਾਵੇਂ ਨੋਟਬੰਦੀ ਰਾਹੀ ਲੋਕਾਂ ਦੀ ਹੱਕ ਦੀ ਕਮਾਈ ਖਾਣੀ ਹੋਵੇ, ਨਾਗਰਿਕਤਾ ਸੋਧ ਬਿੱਲ ਹੋਣ, ਯੂਨੀਵਰਸਿਟੀ ਦੇ ਵਿਦਿਆਰਥੀਆਂ ਨਾਲ ਜਿਆਦਤੀ ਹੋਵੇ, ਸਰਕਾਰੀ ਮੁਲਾਜਮਾਂ ਦੀ ਪੈਨਸ਼ਨ ਬੰਦ ਕਰਨੀ ਹੋਵੇ, ਦੇਸ਼ ਦੀ ਰੱਖਿਆ ਕਰ ਰਹੇ ਜਵਾਨਾਂ ਦੀਆਂ ਤਨਖਾਹਾਂ ਵਿਚੋਂ ਕਟੋਤੀ ਹੋਵੇ ਜਾਂ ਫਿਰ ਖੇਤੀਬਾੜੀ ਨਾਲ ਸੰਬੰਧਿਤ ਤਿੰਨ ਕਾਲੇ ਕਾਨੂੰਨ ਹੋਣ।ਮੈਂ ਆਪਣੇ ਪਹਿਲੇ ਲੇਖਾਂ ਵਿੱਚ ਵੀ ਜਿਕਰ ਕਰ ਚੁੱਕੀ ਹਾਂ ਕਿ ਪੰਜਾਬ ਤੋਂ ਸ਼ੁਰੂ ਹੋਈ ਕਿਸਾਨੀ ਹੱਕਾਂ ਦੀ ਲਹਿਰ ਹੁਣ ਪੂਰੇ ਭਾਰਤ ਵਿੱਚ ਫੈਲ ਚੁੱਕੀ ਹੈ। ਪਿਛਲੇ ਦਿਨੀ ਕਿਸਾਨੀ ਆਗੂਆਂ ਦੁਆਰਾ ਕੀਤੀ ਇੱਕ ਕਾਨਫਰੰਸ ਵਿੱਚ ਕੁਝ ਅਹਿਮ ਫ਼ੈਸਲੇ ਲਏ ਗਏ ਸਨ। ਜਿੰਨਾ ਨਾਲ ਬੀ. ਜੇ. ਪੀ ਸਰਕਾਰ ਦੀਆਂ ਜੜਾਂ ਹਿਲ ਸਕਦੀਆਂ ਹਨ। ਉਸੇ ਯੋਜਨਾ ਅਧੀਨ ਕਿਸਾਨੀ ਨੇਤਾਵਾਂ ਨੇ ਬੰਗਾਲ ਵਿੱਚ ਕਿਸਾਨੀ ਰੈਲੀਆਂ ਕਰਨ ਦੀ ਸ਼ੁਰੂਆਤ ਕੀਤੀ ਹੈ। ਇਸ ਸਮੇਂ ਬੰਗਾਲ ਵਿੱਚ ਸਿਆਸੀ ਦੰਗਲ ਬਹੁਤ ਭਖਿਆ ਹੋਇਆ ਹੈ। ਰਾਜਨੀਤਕ ਪਾਰਟੀਆਂ ਆਪਣੀਆਂ ਕਿਸਮਤ ਅਜਮਾ ਰਹੀਆਂ ਹਨ ਅਤੇ ਬੰਗਾਲ ਦੇ ਲੋਕਾਂ ਨੂੰ ਇੰਦਰ ਦੇਵਤਾ ਵਾਂਗ ਖੁਸ਼ ਕਰਨ ਲਈ ਅੱਡੀ ਚੋਟੀ ਦਾ ਜੋਰ ਲਗਾ ਰਹੀਆਂ ਹਨ। ਇਸੇ ਵਿੱਚ ਸਾਡੇ ਦੇਸ਼ ਦੇ ਸੂਝਵਾਨ ਨੇਤਾਵਾਂ ਨੇ ਉਸ ਸਮੇਂ ਬੰਗਾਲ ਵਿੱਚ ਕਿਸਾਨ ਰੈਲੀ ਕਰਨ ਦਾ ਫੈਸਲਾ ਲਿਆ ਜਦ ਉੱਥੋਂ ਦੇ ਲੋਕਾਂ ਨੂੰ ਨੇਤਾਵਾਂ ਨੇ ਝੂਠੇ ਲਾਰਿਆਂ ਵਿੱਚ ਫਸਾ ਆਪਣਾ ਮਤਲਬ ਪੂਰਾ ਕਰਨਾ ਸੀ। ਜਦ ਕੋਲਕਾਤਾ ਵਿੱਚ ਹੋ ਰਹੇ ਕਿਸਾਨੀ ਸੰਮੇਲਨ ਦਾ ਨਿਊਜ ਚੈਨਲ ਉੱਪਰ ਪ੍ਰਸਾਰਣ ਦੇਖਿਆ ਤਾਂ ਮਨ ਨੂੰ ਬਹੁਤ ਖੁਸ਼ੀ ਹੋਈ ਕਿ ਇੱਕ ਵੱਡੀ ਗਿਣਤੀ ਵਿੱਚ ਬੰਗਾਲੀ ਲੋਕ ਇਸ ਅੰਦੋਲਨ ਦਾ ਹਿੱਸਾ ਬਣੇ। ਉਸ ਤੋਂ ਵੀ ਵੱਧ ਹੈਰਾਨਗੀ ਦੀ ਗੱਲ ਇਹ ਸੀ ਕਿ ਕਿਸਾਨ ਨੇਤਾਵਾਂ ਦੁਆਰਾ ਪੰਜਾਬੀ ਜਾਂ ਹਿੰਦੀ ਵਿੱਚ ਲੋਕਾਂ ਨੂੰ ਸੰਬੋਧਿਤ ਕੀਤਾ ਜਾ ਰਿਹਾ ਸੀ, ਪਰ ਕੋਲਕਾਤਾ ਦੇ ਬਹੁਤਾਤ ਲੋਕ ਬੰਗਾਲੀ ਬੋਲਦੇ ਅਤੇ ਸਮਝਦੇ ਹਨ, ਜਦੋਂ ਰਿਪੋਰਟ ਦੁਆਰਾ ਪੁੱਛਿਆ ਗਿਆ ਕਿ ਕੀ ਤੁਹਾਨੂੰ ਇਹ ਸਭ ਸਮਝ ਲੱਗ ਰਿਹਾ ਹੈ, ਤਾਂ ਬੰਗਾਲੀ ਲੋਕਾਂ ਦਾ ਉੱਤਰ ਸੀ ਕਿ ÷ਭਾਵੇਂ ਸਾਨੂੰ ਪੰਜਾਬੀ ਸਮਝ ਨਹੀਂ ਆ ਰਹੀ ਪਰ ਅਸੀਂ ਇੱਥੇ ਇਸ ਲਈ ਇਕੱਠੇ ਹੋਏ ਹਾਂ ਤਾਂ ਜੋ ਮੋਦੀ ਸਰਕਾਰ ਨੂੰ ਦੱਸ ਸਕੀਏ ਕਿ ਪੂਰਾ ਭਾਰਤ ਕਿਸਾਨਾਂ ਨਾਲ ਹੈ, ਅਤੇ ਅਸੀਂ ਏਥੇ ਕਿਸਾਨਾਂ ਦੀ ਹੌਸਲਾਂ ਅਫਜਾਈ ਕਰਨ ਲਈ ਇਕੱਤਰ ਹੋਏ ਹਾਂ। ÷ ਇਹ ਜਵਾਬ ਸੁਣ ਬਹੁਤ ਖੁਸ਼ੀ ਹੋਈ ਕਿ ਅੱਜ ਮੋਦੀ ਭਗਤਾਂ ਤੇ ਮਰੀਆਂ ਹੋਈਆਂ ਜਮੀਰਾਂ ਦਾ ਬੋਝ ਢਾਉਂਦੇ ਲੋਕਾਂ ਤੋਂ ਇਲਾਵਾ ਪੂਰਾ ਭਾਰਤ ਕਿਸਾਨਾਂ ਦੇ ਨਾਲ ਮੋਢੇ




ਨਾਲ ਮੋਢਾ ਜੋੜ ਖੜਾ ਹੈ। ਸਾਨੂੰ ਇਸ ਗੱਲ ਤੇ ਵੀ ਮਾਣ ਮਹਿਸੂਸ ਕਰਨਾ ਚਾਹੀਦਾ ਹੈ ਕਿ ਸਾਡੇ ਕਿਸਾਨੀ ਅੰਦੋਲਨ ਦੇ ਆਗੂ ਬਹੁਤ ਸੂਝਵਾਨ ਅਤੇ ਰਾਜਨੀਤੀ ਸੂਝ ਰੱਖਣ ਵਾਲੇ ਹਨ। ਮੇਰਾ ਮੰਨਣਾ ਹੈ ਕਿ ਰਾਜਨੀਤੀ ਦਿਮਾਗ ਦੀ ਖੇਡ ਹੈ, ਇਸ ਖੇਡ ਨੂੰ ਦਿਮਾਗ ਨਾਲ ਹੀ ਜਿੱਤਿਆ ਜਾ ਸਕਦਾ ਹੈ। ਅੱਜ ਤੱਕ ਸਰਕਾਰਾਂ ਲੋਕਾਂ ਨਾਲ ਰਾਜਨੀਤੀਆਂ ਕਰਦੀਆਂ ਆਈਆਂ ਹਨ, ਆਪਣੀਆਂ ਗੱਲਾਂ ਕੋਝੀਆਂ ਚਾਲਾਂ ਚੱਲ ਲੋਕਾਂ ਦਾ ਖੂਨ ਪੀਦੀਆ ਆਈਆਂ ਹਨ। ਪਰ ਹੁਣ ਉਹਨਾਂ ਦੁਆਰਾ ਖੇਡੀਆਂ ਜਾਂਦੀਆਂ ਬਾਜੀਆ ਤੇ ਚਾਲਾਂ ਉਹਨਾਂ ਉੱਪਰ ਹੀ ਉੱਲਟ ਪੈ ਰਹੀਆਂ ਹਨ। ਸਰਕਾਰ ਨੇ ਆਪਣੇ ਮਨ ਵਿੱਚ ਇਹ ਵੀ ਸ਼ੰਕਾ ਪਾਲ ਰੱਖਿਆ ਸੀ ਖੋਰੇ ਫਸਲਾਂ ਦੀ ਕਟਾਈ ਵੇਲੇ ਕਿਸਾਨ ਇਹ ਅੰਦੋਲਨ ਸਮਾਪਤ ਕਰ ਆਪਣੇ ਘਰਾਂ ਨੂੰ ਪਰਤ ਜਾਵਣਗੇ। ਪਰ ਸਾਡੇ ਕਿਸਾਨ ਆਗੂਆਂ ਨੇ ਕਿਸਾਨਾਂ ਦੀਆਂ ਫਸਲਾਂ ਨੂੰ ਸਾਭਣ ਅਤੇ ਵਡਾਈ ਲਈ ਵੀ ਇੱਕ ਪੁਖਤਾ ਯੋਜਨਾ ਬਣਾਈ ਹੈ ਕਿ ਕਿਸਾਨੀ ਮੋਰਚਾ ਵਿੱਚ ਸ਼ਾਮਿਲ ਹਰ ਪਿੰਡ ਦੇ ਦਸਾਂ ਬੰਦਿਆਂ ਦਾ ਜਥਾ ਪਿੰਡ ਵਾਪਿਸ ਜਾਵੇਗਾ ਅਤੇ ਫਸਲ ਦੀ ਸਾਂਭ ਕਰੇਗਾ , ਅਤੇ ਉਹਨਾਂ ਦੀ ਜਗ੍ਹਾ ਨਵਾਂ ਜਥਾ ਆਵੇਗਾ। ਇਸੇ ਤਰ੍ਹਾਂ ਇੱਕ ਜਥੇ ਦੇ ਬਦਲੇ ਇੱਕ ਨਵਾਂ ਜਥਾ ਆਉਦਾ ਰਹੇਗਾ , ਇਸ ਯੋਜਨਾ ਅਨੁਸਾਰ ਕਿਸਾਨਾਂ ਦੀ ਫਸਲ ਵੀ ਸਾਂਭੀ ਜਾਵੇਗੀ ਅਤੇ ਕਿਸਾਨੀ ਅੰਦੋਲਨ ਵੀ ਇਸੇ ਤਰ੍ਹਾਂ ਬਰਕਰਾਰ ਰਹੇਗਾ। ਇਹ ਸਭ ਯੋਜਨਾਵਾਂ ਕਿਸਾਨ ਆਗੂਆਂ ਦੀ ਸੂਝ ਬੂਝ ਅਤੇ ਸਿਆਣਪ ਦਾ ਪ੍ਰਮਾਣ ਦਿੰਦੀਆਂ ਹਨ। ਇਸ ਤੋਂ ਇਲਾਵਾ ਬੰਗਾਲ ਦੇ ਲੋਕਾਂ ਤੋਂ ਮਿਲੇ ਭਰਵੇਂ ਹੁੰਗਾਰੇ ਨੇ ਕਿਸਾਨਾਂ ਦਾ ਹੌਸਲਾ ਹੋਰ ਵਧਾ ਦਿੱਤਾ ਹੈ। ਜਿਕਰਯੋਗ ਹੈ ਕਿ ਭਾਵੇਂ ਕਿਸਾਨੀ ਅੰਦੋਲਨ ਵਿੱਚ ਬੀ. ਜੇ. ਪੀ ਦੇ ਵਿਰੁੱਧ ਪ੍ਰਚਾਰ ਹੋ ਰਿਹਾ, ਪਰ ਕਿਸੇ ਵੀ ਕਿਸਾਨ ਆਗੂ ਦੁਆਰਾ ਕਿਸੇ ਵੀ ਰਾਜਨੀਤਕ ਪਾਰਟੀ ਦੇ ਹੱਕ ਵਿੱਚ ਪ੍ਰਚਾਰ ਨਹੀਂ ਕੀਤਾ ਗਿਆ, ਜੋ ਇਸ ਗੱਲ ਦਾ ਸੰਕੇਤ ਦਿੰਦਾ ਹੈ ਕਿ ਇਹ ਅੰਦੋਲਨ ਹਰ ਤਰ੍ਹਾਂ ਦੀ ਰਾਜਨੀਤਕ ਦਖਲਅੰਦਾਜੀ ਤੋਂ ਉਪਰ ਉੱਠ ਕੇਵਲ ਕਿਸਾਨਾਂ ਦੇ ਹੱਕਾਂ ਲਈ ਅਵਾਜ਼ ਬੁਲੰਦ ਕਰ ਰਿਹਾ। ਬੰਗਾਲ ਵਿੱਚ ਹੋ ਰਹੀਆਂ ਇਹਨਾਂ ਕਿਸਾਨ ਰੈਲੀਆਂ ਨੇ ਅੰਦੋਲਨ ਵਿੱਚ ਇੱਕ ਨਵੀਂ ਰੂਹ ਫੂਕ ਦਿੱਤੀ ਹੈ, ਜਿਸ ਦੇ ਨਤੀਜੇ ਬਹੁਤ ਜਲਦ ਸਾਡੇ ਸਾਰਿਆਂ ਦੇ ਸਾਹਮਣੇ ਹੋਣਗੇ। ਇਤਹਾਸ ਗਵਾਹ ਹੈ ਕਿ ਪੰਜਾਬੀਆਂ ਨੇ ਹਮੇਸ਼ਾ ਹਾਕਮਾਂ ਦੀਆਂ ਆਕੜਾਂ ਭੰਨੀਆਂ ਹਨ, ਝੂਠ ਨੂੰ ਹਮੇਸ਼ਾ ਸੱਚ ਅੱਗੇ ਹਥਿਆਰ ਸੁੱਟਣੇ ਪੈਂਦੇ ਹਨ। ਉਹ ਸਮਾਂ ਦੂਰ ਨਹੀਂ ਜਦ ਪੂਰੇ ਭਾਰਤ ਵਿੱਚ ਇੱਕ ਹੀ ਨਾਅਰਾ ਗੂੰਜੇਗਾ 'ਕਿਸਾਨ ਏਕਤਾ ਜਿੰਦਾਬਾਦ।'


AMA CONCRETE
Commercial & Residential
- Placing Pumping & Finishing
- Foundation Floors
- Smooth Finishing
- Exposed Broom Finishing
- Stamped Concrete

ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ

ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ
Sodhi: 604-518-4389 | Harjeet: 604-613-0472

"ਆਪਣੇ ਭਾਈਚਾਰੇ ਦਾ ਮਾਣ"

NOW OPEN 2ND LOCATION IN
ABBOTSFORD
UNIT #4, 2599 CEDAR PARK, PLACE
ABOVE MONA CLOTH HOUSE
PH: 604.615.8731




I.C.B.C. Claims
- No Win No Fee

Criminal Law
- Homicide and Attempted Homicide
- Extradition Matters
- Drug Offences
- Assaults
- Sexual Assaults
- Drinking and Driving Offences
- Theft and Robbery
- Offences relating to Prostitution

Divorce Cases

Immigration Law
- Immigration Appeals
- Overseas sponsorships of spouses, dependant children and parents
- Inland sponsorships of spouses, dependant children and parents
- Provincial Nominee Programs (PNP)
- Skilled Worker category
- Self-Employed
- Investor and Entrepreneur Immigration
- Work-Permits

Real Estate
- Commercial and Real Estate
- Purchase and Sale of Property
- Financing and Refinancing
- Mortgages First and Subsequent

- ਆਈ ਸੀ ਬੀ ਸੀ ਅਤੇ ਪਰਸਨਲ ਇੰਜਰੀ ਕਲੇਮ
- ਕ੍ਰਿਮਨਲ ਲਾਅ • ਡਾਈਵੋਰਸ ਕੇਸ
- ਇਮੀਗ੍ਰੇਸ਼ਨ ਲਾਅ • ਰੀਅਲ ਐਸਟੇਟ

FREE Consultation
604.543.3886
Moved to New Location
13025 - 80TH AVE.,
SURREY

SINGH THIND & ASSOCIATES
BARRISTERS & SOLICITORS







# ਪ੍ਰੋਫੈਸਰ ਨਿਰਮਲ ਸਿੰਘ ਰੰਧਾਵਾ ਵਲੋਂ ਪੰਜਾਬ ਤਲਵਾਰਬਾਜ਼ੀ ਦੀਆਂ ਜੇਤੂ ਟੀਮਾਂ ਨੂੰ ਇਨਾਮ ਵੰਡੇ

ਪਟਿਆਲਾ (ਰਾਜ-ਤਾਜ ਰੰਧਾਵਾ) 11 ਤੋਂ 13 ਮਾਰਚ ਤਕ ਪੰਜਾਬ ਤਲਵਾਰਬਾਜ਼ੀ ਐਸ਼ੋਸੀਏਸ਼ਨ ਅਤੇ ਪਟਿਆਲਾ ਤਲਵਾਰਬਾਜ਼ੀ ਐਸ਼ੋਸੀ: ਦੇ ਸਾਂਝੇ ਯਤਨਾਂ ਨਾਲ ਸਰਕਾਰੀ ਮਹਿੰਦਰਾ ਕਾਲਜ ਪਟਿਆਲਾ ਦੇ ਇਨਡੋਰ ਹਾਲ ਵਿਖੇ ਲੜਕੇ ਤੇ ਲੜਕੀਆਂ ਦੀ ਤਿੰਨ ਰੋਜ਼ਾ ਸੀਨੀਅਰ ਪੰਜਾਬ ਸਟੇਟ ਤਲਵਾਰਬਾਜ਼ੀ ਚੈਂਪੀਅਨਸ਼ਿਪ ਕਰਵਾਈ ਗਈ। ਲਗਾਤਾਰ ਤਿੰਨ ਦਿਨ ਚਲੇ ਤਲਵਾਰਬਾਜ਼ੀ ਮੁਕਾਬਲਿਆਂ ਦੀ ਸਮਾਪਤੀ 13 ਮਾਰਚ ਨੂੰ ਦੁਪਿਹਰ ਤੋਂ ਬਾਅਦ ਹੋਈ। ਪੰਜਾਬ ਸਟੇਟ ਤਲਵਾਰਬਾਜ਼ੀ ਚੈਂਪੀਅਨਸ਼ਿਪ 'ਚ ਈਪੀ, ਸੈਬਰ ਅਤੇ ਫਾਇਲ ਈਵੈਂਟਾਂ ਵਿਚੋਂ ਪਹਿਲੇ, ਦੂਜੇ ਅਤੇ ਤੀਸਰੇ ਸਥਾਨ 'ਤੇ ਜੇਤੂ ਰਹੀਆਂ ਟੀਮਾਂ ਅਤੇ ਤਿੰਨਾਂ ਹੀ ਈਵੈਂਟਾਂ ਵਿਚੋਂ ਵਿਅਕਤੀਗਤ ਮੁਕਾਬਲਿਆਂ ਵਿਚ ਵੀ ਜਿੱਤ ਪ੍ਰਾਪਤ ਕਰਨ ਵਾਲੇ ਤਲਵਾਰਬਾਜ਼ਾਂ ਨੂੰ ਇਨਾਮ ਤਕਸੀਮ ਕੀਤੇ ਗਏ। ਇਨਾਮ ਵੰਡਣ ਦੀ ਰਸਮ ਮੁੱਖ ਮਹਿਮਾਨ ਪ੍ਰੋਫੈਸਰ ਨਿਰਮਲ ਸਿੰਘ ਰੰਧਾਵਾ (ਜਾਇੰਟ ਸੈਕਟਰੀ ਪੰਜਾਬ ਤਲਵਾਰਬਾਜ਼ੀ ਐਸ਼ੋਸੀਏਸ਼ਨ ਅਤੇ ਜ: ਸੈਕਟਰੀ ਅੰਮ੍ਰਿਤਸਰ ਤਲਵਾਰਬਾਜ਼ੀ ਐਸ਼ੋਸੀ:) ਵਲੋਂ ਨਿਭਾਈ ਗਈ। ਮੁੱਖ ਮਹਿਮਾਨ ਪ੍ਰੋਫੈਸਰ ਰੰਧਾਵਾ ਦੇ ਨਾਲ ਪੰਜਾਬ ਫੈਂਸਿੰਗ ਐਸ਼ੋਸੀਏਸ਼ਨ ਦੇ ਪ੍ਰਬੰਧਕੀ ਸਕੱਤਰ ਸ੍ਰੀ ਟੀ.ਐਸ. ਡੋਗਰਾ, ਪਟਿਆਲਾ ਫੈਂਸਿੰਗ ਐਸ਼ੋਸੀ: ਦੇ ਮੀਤ ਪ੍ਰਧਾਨ ਸ੍ਰੀ ਨਰਿੰਦਰ ਸਰਮਾ ਅਤੇ ਮੈਡਮ ਗੁਰਦੀਪ ਕੌਰ (ਡੀ.ਐਸ.ਓ ਮੁਹਾਲੀ) ਮੌਜੂਦ ਸਨ। ਮੁੱਖ ਮਹਿਮਾਨ ਪ੍ਰੋਫੈਸਰ ਨਿਰਮਲ ਸਿੰਘ ਰੰਧਾਵਾ ਨੇ ਆਪਣੇ ਧੰਨਵਾਦ ਭਾਸ਼ਣ 'ਚ ਦੱਸਿਆ ਕਿ ਕਿਸ ਤਰ੍ਹਾਂ ਪੰਜਾਬ ਵਿਚ 1982 ਤੋਂ ਪਟਿਆਲਾ 'ਚ ਤਲਵਾਰਬਾਜ਼ੀ ਦੀ ਸ਼ੁਰੂਆਤ ਹੋਈ। ਪਹਿਲੀ ਤਲਵਾਰਬਾਜ਼ੀ ਚੈਂਪੀਅਨਸ਼ਿਪ ਅੰਮ੍ਰਿਤਸਰ ਨੇ ਦਾਸ ਦੀ ਕਪਤਾਨੀ ਵਿੱਚ ਜਿੱਤੀ। 1986, 1989, 1992 ਅਤੇ 1994 ਵਿਚ ਅੰਮ੍ਰਿਤਸਰ ਤਲਵਾਰਬਾਜ਼ੀ ਐਸ਼ੋਸੀਏਸ਼ਨ ਵਲੋਂ ਅੰਮ੍ਰਿਤਸਰ ਵਿਖੇ ਕਰਵਾਈਆਂ ਗਈਆਂ 4 ਚੈਂਪੀਅਨਸ਼ਿਪ ਵਿੱਚ ਵੀ ਅੰਮ੍ਰਿਤਸਰ ਜਿਲ੍ਹੇ ਦੀਆਂ ਟੀਮਾਂ ਨੇ ਹੀ ਸ਼ਾਨਦਾਰ ਜਿੱਤਾਂ ਪ੍ਰਾਪਤ ਕੀਤੀਆਂ ਸਨ। ਦਾਸ ਨੂੰ ਹੀ ਸ: ਡੀ.ਐਸ ਜੇਜੀ ਅਤੇ ਸ੍ਰੀ ਅਰੁਣ ਵਿਜ ਜੀ ਵਲੋਂ 1982 ਤੋਂ 1994 ਤਕ ਪੰਜਾਬ ਸਟੇਟ ਤਲਵਾਰਬਾਜ਼ੀ ਟੀਮ ਦੇ ਚੀਫ ਕੋਚ ਦੇ ਆਹੁੱਦੇ ਦੀ ਸੇਵਾ ਸੌਂਪੀ ਹੋਈ ਸੀ ਜਿਸ ਦੌਰਾਨ ਦਾਸ ਦੀ ਕਪਤਾਨੀ ਹੇਠ ਪੰਜਾਬ ਤਲਵਾਰਬਾਜ਼ੀ ਦੀ ਟੀਮ ਭਾਰਤ ਦੇ ਵੱਖ ਵੱਖ ਸੂਬਿਆਂ ਵਿਚ ਹੋਏ ਨੈਸ਼ਨਲ ਤਲਵਾਰਬਾਜ਼ੀ ਮੁਕਾਬਲਿਆਂ ਵਿਚ ਕਈ ਵਾਰ ਚੈਂਪੀਅਨ ਬਣੀ ਸੀ।



ਸਟ੍ਰੋਕ ਇੱਕ ਡਾਕਟਰੀ ਐਮਰਜੈਂਸੀ ਹੈ, ਮਹਾਂਮਾਰੀ ਵਿੱਚ ਵੀ, 9-1-1 ਤੇ ਕਾਲ ਕਰੋ।

ਸਟਰੋਕ ਦੇ ਲੱਛਣਾਂ ਬਾਰੇ ਸਿੱਖੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?
**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?
**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?
**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫ਼ੋਨ ਕਰੋ!

ਜੇ ਸਟਰੋਕ ਦੇ ਲੱਛਣ ਵੇਖਦੇ ਹੋ ਤਾਂ ਜਲਦੀ 9-1-1 ਨੂੰ ਫੋਨ ਕਰੋ

heartandstroke.ca/Punjabi

Heart &Stroke™

With the support of
BRITISH COLUMBIA

© Heart and Stroke Foundation of Canada, 2020 | ™The heart and / Icon on its own or followed by another icon or words are trademarks of the Heart and Stroke Foundation of Canada.

J & S Insulation & Rebar Ltd.



Residential & Commercial

Batt Insulation, Rigid Insulation, Insulate Sprinkler, Slab Insulation, Rebar, Poly, Styrofoam

Quality Work, Free Estimates
Best Price

Sarbjit: 604.841.9849

SKY BLUE DRYWALL LTD.
Residential & Commercial

T-Bar
Steel Stud
Boarding
Taping
Ceiling Texture
Renovation
Quality Work
Free Estimates



Daljit Singh
778-549-3605
E: singh.mand@icloud.com

# ਦਿੱਲੀ ਹਵਾਈ ਅੱਡੇ ਤੋਂ ਅੰਤਰਰਾਸ਼ਟਰੀ ਉਡਾਨਾਂ ਲੈਣ ਵਾਲੇ ਬਹੁਤੇ ਯਾਤਰੀ ਕਰੋਨਾ ਟੈਸਟ ਦੀ ਰਿਪੋਰਟ 'ਚ ਦੇਰੀ ਕਾਰਨ ਯਾਤਰਾ ਤੋਂ ਖੁੰਝੇ

**• ਕਰੋਨਾ ਜਾਂਚ ਅਧਿਕਾਰੀਆਂ ਦਾ ਯਾਤਰੀਆਂ ਪ੍ਰਤੀ ਵਰਤਾਰਾ ਰੁੱਖਾ • ਕਰੋਨਾ ਜਾਂਚ ਲਈ ਭਰੇ ਜਾਣ ਵਾਲੇ ਫ਼ਾਰਮਾਂ 'ਚ ਉਡਾਣ ਦਾ ਸਮਾਂ ਨਾ ਪੁੱਛੇ ਜਾਣਾ ਵੱਡੀ ਕਮੀ**




ਵੈਨਕੂਵਰ (ਬਰਾੜ-ਭਗਤਾ ਭਾਈ ਕਾ)-ਦੁਨੀਆਂ ਭਰ 'ਚ ਜਾਰੀ ਕਰੋਨਾ ਵਾਇਰਸ ਦੀ ਕਰੋਪੀ ਕਾਰਨ ਅਜੇ ਵੀ ਲੋਕਾਂ 'ਚ ਇਸ ਦਾ ਸਹਿਮ ਪਾਇਆ ਜਾ ਰਿਹਾ ਹੈ। ਕਈ ਦੇਸ਼ਾਂ ਵਿੱਚ ਤਾਂ ਅੱਜ ਵੀ ਇਸ ਨਾਲ ਸੰਬੰਧਤ ਕੇਸ ਸਾਹਮਣੇ ਆ ਰਹੇ ਹਨ ਅਤੇ ਤਾਲਾਬੰਦੀ ਜਾਰੀ ਹੈ। ਇਸੇ ਤਰਾਂ ਭਾਰਤ ਦੇ ਕਈ ਵੱਖ ਵੱਖ ਖੇਤਰਾਂ 'ਚ ਇਸ ਦੇ ਨਵੇਂ ਕੇਸ ਪਾਏ ਗਏ ਹਨ। ਨਵੇਂ ਆ ਰਹੇ ਕੇਸਾਂ ਦੇ ਮੱਦੇਨਜ਼ਰ ਭਾਰਤ ਤੋਂ ਵਿਦੇਸ਼ ਜਾਣ ਵਾਲੇ ਲੋਕਾਂ ਨਾਲ ਦਿੱਲੀ ਦੇ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਕਰੋਨਾ ਵਾਇਰਸ ਦੀ ਜਾਂਚ ਸੰਬੰਧੀ ਜੋ ਕੁਝ ਸਾਹਮਣੇ ਆਇਆ ਹੈ, ਉਸ ਵਿੱਚ ਵਿਦੇਸ਼ ਜਾਣ ਵਾਲੇ ਯਾਤਰੀਆਂ ਨੂੰ ਕਈ ਤਰਾਂ ਦੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦਿੱਲੀ ਦੇ ਹਵਾਈ ਅੱਡੇ ਦੀਆਂ ਹਦਾਇਤਾਂ ਅਨੁਸਾਰ ਵਿਦੇਸ਼ ਜਾਣ ਵਾਲੇ ਯਾਤਰੀਆਂ ਦੀ ਜਹਾਜ਼ ਚੜ੍ਹਣ ਤੋਂ ਪਹਿਲਾਂ ਕਰੋਨਾ ਜਾਂਚ ਲਾਜ਼ਮੀ ਹੋਣ ਕਰਕੇ ਹਵਾਈ ਅੱਡੇ ਦੇ ਕੰਪਲੈਕਸ ਵਿੱਚ ਕਰੋਨਾ ਜਾਂਚ ਦੇ ਭਾਵੇਂ ਕਈ ਕੇਂਦਰ ਖੋਲ੍ਹੇ ਤਾਂ ਗਏ ਹਨ ਪਰ ਉਨ੍ਹਾਂ ਕੇਂਦਰਾਂ 'ਤੇ ਕੰਮ ਕਰਨ ਵਾਲਿਆਂ ਦੇ ਯਾਤਰੀਆਂ ਲਈ ਵਫ਼ਾਦਾਰੀ ਨਿਭਾਉਣ ਦੇ ਇੱਕ ਤਾਂ ਢੰਗ ਤਰੀਕੇ ਵਧੀਆਂ ਤੇ ਇਮਾਨਦਾਰੀ ਵਾਲੇ ਨਹੀਂ ਹਨ ਅਤੇ ਦੂਜੀ ਗੱਲ ਇਹ ਕਿ ਕਰੋਨਾ ਜਾਂਚ ਦੀ ਰਿਪੋਰਟ 'ਚ ਦੇਰੀ ਕਾਰਨ ਯਾਤਰੀ ਕਈ ਤਰਾਂ ਦੀਆਂ ਪਰੇਸ਼ਾਨੀਆਂ ਦਾ ਸਾਹਮਣਾ ਕਰਦੇ ਵੇਖੇ ਗਏ ਜਿਨ੍ਹਾਂ ਵਿੱਚ ਕਰੋਨਾ ਜਾਂਚ ਤੋਂ ਬਾਅਦ ਨਤੀਜਾ ਆਉਣ ਤੱਕ ਉਨ੍ਹਾਂ ਦੇ ਬੈਠਣ ਲਈ ਪੁਖ਼ਤਾ ਪ੍ਰਬੰਧਾਂ ਦੀ ਘਾਟ, ਜਾਂਚ ਦੀ ਰਿਪੋਰਟ 'ਚ ਦੇਰੀ ਅਤੇ ਜਾਂਚ ਨਾਲ ਸੰਬੰਧਤ ਅਧਿਕਾਰੀਆਂ ਦਾ ਯਾਤਰੀਆਂ ਨਾਲ ਵਰਤਾਰੇ ਦਾ ਰੁੱਖਪੁਣਾ ਸ਼ਾਮਲ ਹਨ।

ਵੱਡੀ ਗੱਲ ਵੇਖਣ ਨੂੰ ਇਹ ਪਾਈ ਗਈ ਕਿ ਕਰੋਨਾ ਦੀ ਜਾਂਚ ਰਿਪੋਰਟ ਦੇਰੀ ਨਾਲ ਮਿਲਣ ਕਾਰਨ ਬਹੁਤ ਸਾਰੇ ਯਾਤਰੀਆਂ ਦੀਆਂ ਉਡਾਣਾਂ ਚਲੀਆਂ ਜਾਣ ਕਾਰਨ ਉਹ ਆਪਣੇ ਆਪ ਨੂੰ ਵੱਡੀ ਮੁਸੀਬਤ ਫਸੇ ਹੋਏ ਮਹਿਸੂਸ ਕਰ ਰਹੇ ਸਨ। ਕਰੋਨਾ ਜਾਂਚ ਕਰਵਾਉਣ ਲਈ ਸਭ ਤੋਂ ਪਹਿਲਾਂ ਭਰੇ ਜਾਣ ਵਾਲੇ ਫ਼ਾਰਮ ਵਿੱਚ ਇਹ ਗੱਲ ਵੀ ਨਹੀਂ ਪੁੱਛੀ ਗਈ ਕਿ ਯਾਤਰੀ ਦੀ ਉਡਾਣ ਕਿਹੜੀ ਹੈ ਅਤੇ ਉਡਾਣ ਦਾ ਸਮਾਂ ਕਿੰਨੇ ਵਜੇ ਦਾ ਹੈ ਜਿਸ ਕਰਕੇ ਅਧਿਕਾਰੀ ਵੀ ਇਸ ਸਵਾਲ ਵੱਲ ਧਿਆਨ ਨਹੀਂ ਦਿੰਦੇ ਅਤੇ ਨਾ ਹੀ ਯਾਤਰੀ ਤੋਂ ਉਡਾਣ ਦਾ ਸਮਾਂ ਪੁੱਛਦੇ ਹਨ। ਭਾਵੇਂ ਕਰੋਨਾ ਰਿਪੋਰਟ ਆਉਣ ਦਾ ਸਮਾਂ ਲਿਖਤੀ ਰੂਪ 'ਚ 4 ਤੋਂ 6 ਘੰਟੇ ਦੱਸਿਆ ਗਿਆ ਹੈ ਪਰ ਫਿਰ ਵੀ ਇਸ ਸਮੇਂ ਵੱਧ ਸਮਾਂ ਲੱਗਣ ਕਾਰਨ ਬਹੁਤ ਸਾਰੇ ਯਾਤਰੀ ਆਪਣੀ ਉਡਾਣ 'ਚ ਸਫਰ ਕਰਨ ਤੋਂ ਖੁੰਝ ਗਏ, ਜਿਨ੍ਹਾਂ ਦੀ ਕਰੋਨਾ ਜਾਂਚ ਦੀ ਰਿਪੋਰਟ 'ਚ ਜ਼ਿਆਦਾ ਦੇਰੀ ਹੋਈ ਹੈ। ਇਸ ਦੇ ਸੰਬੰਧ ਵਿੱਚ ਇਸ ਦੀ ਜ਼ੁੰਮੇਵਾਰੀ ਕਿਸ ਦੀ ਬਣਦੀ ਹੈ ਜਦੋਂ ਯਾਤਰੀ ਆਪਣੀ ਕਰੋਨਾ ਜਾਂਚ ਕਰਵਾਉਣ ਲਈ ਜਾਂਚ ਕੇਂਦਰਾਂ 'ਤੇ ਸਮੇਂ ਸਿਰ ਪੁੱਜ ਜਾਂਦੇ ਹਨ ਫਿਰ ਰਿਪੋਰਟ ਦੇਣ 'ਚ ਦੇਰੀ ਕਿਉਂ? ਇਸ ਸੰਬੰਧੀ 800 ਰੁਪਏ ਕਰੋਨਾ ਜਾਂਚ ਦੀ ਫ਼ੀਸ ਵੀ ਲਈ ਜਾਂਦੀ ਹੈ। ਕਰੋਨਾ ਜਾਂਚ ਕਰ ਰਹੇ ਇੱਕ ਅਧਿਕਾਰੀ ਨਾਲ ਗੱਲ-ਬਾਤ ਕਰਨ ਉਪਰੰਤ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਅੰਤਰਰਾਸ਼ਟਰੀ ਸਫਰ ਕਰਨ ਵਾਲੇ ਹਰ ਯਾਤਰੀ ਵੱਲੋਂ ਕਰੋਨਾ ਜਾਂਚ ਹਵਾਈ ਅੱਡੇ ਤੋਂ ਹੀ ਕਰਵਾਈ ਮੰਨੀ ਜਾਵੇਗੀ। ਬਾਹਰੋਂ ਕਰਵਾਈ ਜਾਂਚ ਨਾ ਮੰਨਣਯੋਗ ਸਮਝੀ ਜਾਂਦੀ ਹੈ। ਇਸ ਲਈ ਇਹ ਗੱਲ ਪੈਸੇ ਇਕੱਠੇ ਕਰਨ ਵੱਲ ਸਾਫ਼ ਹੀ ਇਸ਼ਾਰਾ ਕਰਦੀ ਹੈ। ਦਿੱਲੀ ਤੋਂ ਦੂਜੇ ਦੇਸ਼ਾਂ ਨੂੰ ਉਡਾਣਾਂ ਲੈਣ ਵਾਲੇ ਯਾਤਰੀਆਂ ਨੂੰ ਚਾਹੀਦਾ ਹੈ ਕਿ ਉਹ ਉਡਾਣ ਭਰਨ ਤੋਂ ਘੱਟੋ ਘੱਟ 9 ਤੋਂ 10 ਘੰਟੇ ਪਹਿਲਾਂ ਹਵਾਈ ਅੱਡੇ 'ਤੇ ਪਹੁੰਚਣ ਨੂੰ ਤਰਜੀਹ ਦੇਣ ਤਾਂ ਕਿ ਜਾਂਚ ਵਿੱਚ ਦੇਰੀ ਨੂੰ ਸਮੇਂ ਸਿਰ ਸਮੇਟ ਲਿਆ ਜਾ ਸਕੇ।





IT'S A HEALTH ISSUE, NOT A RACE ISSUE.

Don't turn a blind eye. COVID-19 affects us all. Racism doesn't have to.

healthnothate.com #HealthNotHate



METRO CONTRACTING LTD.

Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract




Residential & Commercial

Gurvinder Sanghera: 604-729-1435
Email: gsanghera77@gmail.com



# ਲੋਕ ਵਿਰਾਸਤ ਅਕਾਦਮੀ ਵੱਲੋਂ ਇਟਲੀ ਵੱਸਦੇ ਸਾਹਿਤਕਾਰ ਦਲਜਿੰਦਰ ਰਹਿਲ ਦਾ ਵਿਸ਼ੇਸ਼ ਤੌਰ 'ਤੇ ਸਨਮਾਨ

ਲੁਧਿਆਣਾ-ਲੋਕ ਵਿਰਾਸਤ ਅਕਾਦਮੀ ਵੱਲੋਂ ਸ਼ਹੀਦ ਭਗਤ ਸਿੰਘ ਨਗਰ ਲੁਧਿਆਣਾ ਵਿਖੇ ਕਰਵਾਏ ਸਮਾਗਮ ਦੌਰਾਨ ਇਟਲੀ ਵਾਸੀ ਕਵੀ ਤੇ ਕਹਾਣੀਕਾਰ ਦਲਜਿੰਦਰ ਰਹਿਲ ਦਾ ਰੂ ਬਰੂ ਤੇ ਸਨਮਾਨ ਕਰਨ ਲਈ ਇਕੱਤਰਤਾ ਕੀਤੀ ਗਈ। ਇਸ ਸਮੇਂ ਦਲਜਿੰਦਰ ਰਹਿਲ ਨੇ ਦੱਸਿਆ ਕਿ ਇੰਗਲੈਂਡ ਵਿੱਚ ਬੇਸ਼ੱਕ ਲੰਮੇ ਸਮੇਂ ਤੋਂ ਸਾਹਿਤਕ ਸਰਗਰਮੀਆਂ ਦਾ ਮਾਹੌਲ ਚੱਲ ਰਿਹਾ ਹੈ। ਪਰ ਹੁਣ ਯੂਰਪ ਦੇ ਬਾਕੀ ਦੇਸ਼ ਵੀ ਇੱਕ ਛੱਤਰੀ ਹੇਠ ਆ ਰਹੇ ਹਨ। ਉਹਨਾਂ ਦੱਸਿਆ ਕਿ ਸਾਹਿਤ ਸੁਰ ਸੰਗਮ ਸਭਾ ਇਟਲੀ ਕੋਵਿਡ ਦੇ ਗੰਭੀਰ ਹਾਲਾਤਾਂ ਵਿੱਚ ਵੀ ਸਾਹਿਤਕ ਸਰਗਰਮੀਆਂ ਨੂੰ ਲੈ ਕੇ ਸਰਗਰਮ ਰਹਿਣ ਵਾਲੀਆਂ ਸੰਸਥਾਵਾਂ ਚੋਂ ਸਭ ਤੋਂ ਮੂਹਰੇ ਰਹੀ ਹੈ। ਦਲਜਿੰਦਰ ਰਹਿਲ ਵੱਲੋਂ ਭਵਿੱਖ ਦੀਆਂ ਯੋਜਨਾਵਾਂ ਬਾਰੇ ਵੀ ਚਾਨਣਾ ਪਾਇਆ ਗਿਆ। ਮਨਜਿੰਦਰ ਧਨੋਆ ਨੇ ਦਲਜਿੰਦਰ ਰਹਿਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀ ਲੇਖਕ ਸਾਡੇ ਬਿਨ ਤਨਖਾਹੋਂ ਰਾਜਦੂਤ ਹਨ ਜੋ ਪੰਜਾਬੀ ਭਾਈਚਾਰਾ ਉਸਾਰਨ ਵਿੱਚ ਮਦਦਗਾਰ ਸਾਬਤ ਹੁੰਦੇ ਹਨ। ਇਸ ਸਮੇਂ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਜਿੱਤਣ ਵਾਲੇ ਲੇਖਕਾਂ ਕਹਾਣੀਕਾਰ ਗੁਰਦੇਵ ਰੁਪਾਣਾ, ਬਾਲ ਸਾਹਿਤ ਲੇਖਕ ਡਾ ਕਰਨੈਲ ਸਿੰਘ ਸੋਮਲ ਤੇ ਯੁਵਾ ਲੇਖਕ ਡਾ ਦੀਪਕ ਧਲੇਵਾ ਨੂੰ ਮੁਬਾਰਕ ਦਿੱਤੀ ਗਈ। ਲੋਕ ਵਿਰਾਸਤ ਅਕਾਦਮੀ ਦੇ ਚੈਅਰਮੈਨ ਪ੍ਰੋ ਗੁਰਭਜਨ ਗਿੱਲ, ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ ਪ੍ਰੋ ਰਵਿੰਦਰ ਭੱਠਲ, ਸਕੱਤਰ ਮਨਜਿੰਦਰ ਧਨੋਆ ਤੇ ਪੰਜਾਬੀ ਯੂਨੀਵਰਸਿਟੀ ਦੇ ਨਿਰਦੇਸ਼ਕ ਵਿਦਿਆਰਥੀ ਭਲਾਈ ਡਾ ਨਿਰਮਲ ਜੌੜਾ ਨੇ ਦਲਜਿੰਦਰ ਰਹਿਲ ਨੂੰ ਪੱਤੇ ਪੱਤੇ ਲਿਖੀ ਇਬਾਰਤ (ਲੇਖਕ ਪ੍ਰੋ ਗੁਰਭਜਨ ਗਿੱਲ ਤੇ ਤੇਜਪ੍ਰਤਾਪ ਸਿੰਘ ਸੰਧੂ) ਤੇ ਹੋਰ ਪੁਸਤਕਾਂ ਭੇਂਟ ਕਰਕੇ ਸਨਮਾਨਿਤ ਕੀਤਾ।




# ਅਵਤਾਰ ਪਾਸ਼ ਤੇ ਸਾਥੀਆਂ ਦੀ ਯਾਦ 'ਚ ਸਲਾਨਾ ਸ਼ਹੀਦੀ ਕਾਨਫਰੰਸ 22 ਮਾਰਚ ਨੂੰ

## ਕੇਵਲ ਧਾਲੀਵਾਲ ਦੀ ਟੀਮ ਪੇਸ਼ ਕਰੇਗੀ ਨਾਟਕ

ਨਕੋਦਰ-ਕੌਮੀ ਮੁਕਤੀ ਲਹਿਰ ਦੇ ਮਹਾਨ ਸ਼ਹੀਦਾਂ, ਭਗਤ ਸਿੰਘ, ਰਾਜਗੁਰੂ, ਸੁਖਦੇਵ ਅਤੇ ਚੋਟੀ ਦੇ ਇਨਕਲਾਬੀ ਕਵੀ ਅਵਤਾਰ ਪਾਸ਼ ਅਤੇ ਸ਼ਹੀਦ ਹੰਸਰਾਜ ਦੀ ਯਾਦ @ਚ; ਹਰ ਸਾਲ ਦੀ ਤਰ੍ਹਾਂ ਇਸ ਵਾਰ 22 ਮਾਰਚ ਨੂੰ ਤਲਵੰਡੀ ਸਲੇਮ ਵਿਖੇ ਸ਼ਹੀਦੀ ਕਾਨਫਰੰਸ ਅਤੇ ਨਾਟਕ ਕਰਵਾਏ ਜਾਣਗੇ। ਇਹ ਜਾਣਕਾਰੀ ਦਿੰਦਿਆਂ ਪਾਸ਼ ਹੰਸਰਾਜ ਸ਼ਹੀਦੀ ਯਾਦਗਾਰੀ ਕਮੇਟੀ ਦੇ ਕਨਵੀਨਰ ਮੋਹਨ ਸਿੰਘ ਬੱਲ ਨੇ ਦੱਸਿਆ ਕਿ ਇਸ ਵਾਰ ਦਾ ਸ਼ਹੀਦੀ ਸਮਾਗਮ ÷ਖੇਤੀ ਕਾਨੂੰਨਾਂ ਸਮੇਤ ਸਭਨਾਂ ਲੋਕ ਵਿਰੋਧੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਲੜੇ ਜਾ ਰਹੇ ਘੋਲ ਨੂੰ ਸਮਰਪਿਤ ਹੋਵੇਗਾ। ਇਸ ਮੌਕੇ ਕਮੇਟੀ ਮੈਂਬਰ ਹਰਮੇਸ਼ ਮਾਲੜੀ, ਜਾਗੀਰ ਜੋਸਨ ਅਤੇ ਸੁਖਵਿੰਦਰ ਬਾਗਪੁਰ ਨੇ ਦੱਸਿਆ ਕਿ, ਇਸ ਵਾਰ ਸੰਯੁਕਤ ਕਿਸਾਨ ਮੋਰਚੇ ਵਲੋਂ 23 ਮਾਰਚ ਨੂੰ ਸ਼ਹੀਦਾਂ ਦੀ ਯਾਦ @ਚ ਦਿੱਲੀ ਵਿਖੇ ਸ਼ੰਘਰਸ਼ ਮੋਰਚਿਆਂ @ਤੇ ਸ਼ਹੀਦੀ ਦਿਨ ਮਨਾਉਣ ਦੇ ਸੱਦੇ ਕਾਰਨ ਪਾਸ਼ ਅਤੇ ਸਾਥੀਆਂ ਦੀ ਯਾਦ @ਚ ਸਮਾਗਮ 22 ਮਾਰਚ ਦਾ ਹੋਵੇਗਾ ਅਤੇ 23 ਮਾਰਚ ਨੂੰ ਕਾਫ਼ਲੇ ਦਿੱਲੀ ਵੱਲ ਚਾਲੇ ਪਾਉਣਗੇ। ਉਨ੍ਹਾਂ ਦੱਸਿਆ ਕਿ 22 ਮਾਰਚ ਦੇ ਸਮਾਗਮ ਵਿੱਚ ਪ੍ਰਸਿੱਧ ਨਾਟਕਕਾਰ ਕੇਵਲ ਧਾਲੀਵਾਲ ਕਿਸਾਨੀ ਘੋਲ ਨੂੰ ਸਮਰਪਿਤ ਪ੍ਰਸਿੱਧ ਓਪੇਰਾ ਹਾੜੀਆਂ ਸਾਉਣੀਆਂ÷ ਪੇਸ਼ ਕਰਨਗੇ। ਉਨ੍ਹਾਂ ਸਭਨਾਂ ਲੋਕ ਹਿਤੈਸ਼ੀਆਂ ਨੂੰ ਸਮਾਗਮ @ਚ ਪਹੁੰਚਣ ਦੀ ਅਪੀਲ ਕੀਤੀ। ਇਸ ਮੌਕੇ ਕਮੇਟੀ ਮੈਂਬਰ ਨਿਰਮਲ ਸਿੰਘ ਜਹਾਂਗੀਰ, ਸਤਨਾਮ ਉੱਗੀ ਅਤੇ ਸੁਖਵਿੰਦਰ ਸੁੱਚਾ ਵੀ ਹਾਜਰ ਸਨ।

# ਕੈਟਰੀਨਾ ਕੈਫ਼ ਨੇ ਸ਼ੁਰੂ ਕੀਤੀ ਮਾਰਸ਼ਲ ਆਰਟ ਦੀ ਟਰੇਨਿੰਗ

ਬਾਲੀਵੁੱਡ ਦੀ ਬੇਹੱਦ ਟੈਲੇਂਟਿਡ ਅਭਿਨੇਤਰੀ ਕੈਟਰੀਨਾ ਕੈਫ ਨੇ ਅੱਠ ਮਾਰਚ ਤੋਂ ਆਪਣੀ ਫਿਲਮ 'ਟਾਈਗਰ 3' ਦੀ ਸ਼ੂਟਿੰਗ ਸ਼ੁਰੂ ਕਰ ਦਿੱਤੀ ਹੈ। ਸ਼ੁਰੂ ਕਰਨ ਤੋਂ ਪਹਿਲਾਂ ਅਭਿਨੇਤਰੀ ਦੱਖਣ ਕੋਰਿਆਈ ਸਟੰਟ ਟੀਮ ਦੇ ਨਾਲ ਫਿਲਮ ਦੇ ਐਕਸ਼ਨ ਸੀਨਜ ਸਿੱਖਣ ਲਈ 14 ਦਿਨਾਂ ਦੀ ਟਰੇਨਿੰਗ ਲੈਂਦੀ ਰਹੀ ਹੈ। ਇੱਕ ਨਿਊਜ਼ ਪੋਰਟਲ ਦੀ ਰਿਪੋਰਟ ਦੇ ਅਨੁਸਾਰ ਡਾਇਰੈਕਟਰ ਮਨੀਸ਼ ਸ਼ਰਮਾ ਨੇ ਆਪਣੇ ਲੀਡ ਅਭਿਨੇਤਾ ਨੂੰ ਐਕਸ਼ਨ ਸੀਨਜ ਲਈ ਤਿਆਰ ਹੋਣ ਲਈ ਕਿਹਾ ਹੈ। ਯਾਨੀ ਜਿੱਥੇ 'ਟਾਈਗਰ ਜਿੰਦਾ ਹੈ' ਵਿੱਚ ਸਲਮਾਨ ਖਾਨ ਅਤੇ ਕੈਟਰੀਨਾ ਦੇ ਐਕਸ਼ਨ ਤੁਹਾਨੂੰ ਕਾਫੀ ਪਸੰਦ ਆਏ ਸੀ, ਉਮੀਦ ਹੈ ਇਸ ਨਵੀਂ ਫਿਲਮ ਵਿੱਚ ਇਹ ਐਕਸਾਈਟਮੈਂਟ ਹੋਰ ਵੀ ਜ਼ਿਆਦਾ ਹੋਵੇਗੀ। ਸੂਤਰਾਂ ਮੁਤਾਬਕ 'ਟਾਈਗਰ 3' ਦੇ ਲਈ ਸੁਪਰਸਟਾਰ ਸਲਮਾਨ ਖਾਨ ਅਤੇ ਕੈਟਰੀਨਾ ਕੈਫ ਪਿਛਲੇ 15 ਦਿਨਾਂ ਤੋਂ ਸਖਤ ਮਿਹਨਤ ਕਰ ਰਹੇ ਸਨ। ਕੈਟਰੀਨਾ ਆਪਣੇ ਟ੍ਰੇਨਰ ਦੇ ਨਾਲ ਆਪਣੇ ਡੇਲੀ ਰੁਟੀਨ ਨੂੰ ਫਾਲੋ ਕਰਦੇ ਹੋਏ ਦੱਖਣ ਕੋਰੀਆਈ ਟੀਮ ਦੇ ਨਾਲ ਟਰੇਨਿੰਗ ਲੈਂਦੀ ਜ਼ੋਰਾਂ-ਸ਼ੋਰਾਂ ਨਾਲ ਮਾਰਸ਼ਲ ਆਰਟ ਦੀ ਟਰੇਨਿੰਗ ਕਰ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਫਿਲਮ ਨਿਰਮਾਤਾ ਕੈਟਰੀਨਾ ਦੀ ਟਰੇਨਿੰਗ @ਤੇ ਪੂਰਾ ਧਿਆਨ ਦੇ ਰਹੇ ਸਨ। ਇਸ ਦੌਰਾਨ ਭਾਈਜਾਨ ਦੱਖਣ ਅਫਰੀਕੀ ਸਟੰਟ ਟੀਮ ਦੇ ਨਾਲ ਟ੍ਰੇਨਿੰਗ ਲੈ ਰਹੇ ਸਨ। ਪਿੱਛੇ ਜਿਹੇ ਯਸ਼ਰਾਜ ਫਿਲਮਜ਼ ਦੇ ਦਫਤਰ ਵਿੱਚ ਸ਼ੂਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਪੂਜਾ ਕੀਤੀ ਗਈ। ਯਸ਼ਰਾਜ ਫਿਲਮਜ਼ ਆਪਣੀ ਹਰ ਫਿਲਮ ਦੀ ਸ਼ੂਟਿੰਗ ਤੋਂ ਪਹਿਲਾਂ ਇਹ ਪੂਜਾ ਕਰਦਾ ਹੈ। ਇਸ ਫਿਲਮ ਵਿੱਚ ਇਮਰਾਨ ਹਾਸ਼ਮੀ ਵਿਲੇਨ ਦੇ ਕਿਰਦਾਰ ਵਿੱਚ ਹੋਣਗੇ। ਇਸ ਪੂਜਾ ਵਿੱਚ ਸਲਮਾਨ ਖਾਨ, ਕੈਟੋਰਨਾ ਕੈਫ, ਇਮਰਾਨ ਹਾਸ਼ਮੀ ਅਤੇ ਫਿਲਮ ਦੇ ਡਾਇਰੈਕਟਰ ਮਨੀਸ਼ ਸ਼ਰਮਾ ਮੌਜੂਦ ਸਨ।


## ਮੇਰੀ ਪਛਾਣ ਮੇਰੇ ਕੰਮ ਕਰ ਕੇ ਹੀ ਬਣੀ ਹੈ

# ਗੌਹਰ ਖ਼ਾਨ



ਮੁੰਬਈ-ਅਦਾਕਾਰਾ ਗੌਹਰ ਖ਼ਾਨ ਨੇ ਕਿਹਾ ਕਿ ਉਹ ਆਪਣੇ ਕਰੀਅਰ ਨੂੰ ਪ੍ਰਭਾਸ਼ਿਤ ਕਰਨ ਵਾਲੇ ਕਿਸੇ ਪ੍ਰਾਜੈਕਟ ਨੂੰ ਨਹੀਂ ਹਟਾਉਣਾ ਚਾਹੁੰਦੀ। ਅਦਾਕਾਰਾ ਨੇ ਆਪਣੀ ਪਹਿਲੀ ਫਿਲਮ ਸਾਲ 2009 ਵਿੱਚ ਰਣਬੀਰ ਕਪੂਰ ਨਾਲ 'ਰੌਕੇਟ ਸਿੰਘ: ਸੇਲਜ਼ਮੈਨ ਆਫ ਦਿ ਯੀਅਰ' ਬਣਾਈ ਸੀ। ਉਪਰੰਤ ਉਹ 'ਗੇਮ', 'ਇਸ਼ਕਜ਼ਾਦੇ', 'ਬਦਰੀਨਾਥ ਕੀ ਦੁਲਹਨੀਆ' ਅਤੇ 'ਬੇਗਮ ਜਾਨ' ਵਿਚ ਨਜ਼ਰ ਆਈ ਸੀ। ਇਸ ਤੋਂ ਇਲਾਵਾ ਉਹ ਹੁਣੇ ਜਿਹੇ ਆਨਲਾਈਨ ਰਿਲੀਜ਼ ਹੋਈ ਸੀਰੀਜ਼ 'ਤਾਂਡਵ' ਵਿਚ ਵੀ ਨਜ਼ਰ ਆਈ ਸੀ। ਉਹ ਰਿਐਲਟੀ ਟੀਵੀ ਸ਼ੋਅ ਬਿੱਗ ਬੌਸ ਸੀਜ਼ਨ-7 ਦੀ ਵੀ ਜੇਤੂ ਹੈ। ਉਸ ਨੇ ਕਿਹਾ ਕਿ ਉਸ ਦੀ ਪਛਾਣ ਆਖਰ ਕੰਮ ਕਰ ਕੇ ਹੀ ਬਣੀ ਹੈ। ਉਸ ਨੇ ਕਿਹਾ,"ਭਾਵੇਂ ਓਟੀਟੀ ਪਲੈਟਫਾਰਮ ਹੋਵੇ ਜਾਂ ਮੇਰਾ ਕੋਈ ਹੋਰ ਸ਼ੋਅ। ਮੈਂ ਸਮਝਦੀ ਹਾਂ ਕਿ ਮੈਂ ਆਪਣੇ ਹਰ ਪ੍ਰਾਜੈਕਟ ਨੂੰ ਸ਼ਿੱਦਤ ਨਾਲ ਨੇਪਰੇ ਚਾੜ੍ਹਿਆ। ਇਸ ਲਈ ਉਸ ਨੂੰ ਵਾਪਸ ਲੈਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਅਦਾਕਾਰਾ ਹੋਣ ਦੇ ਨਾਤੇ ਮੇਰਾ ਹਰ ਫ਼ੈਸਲਾ ਠੀਕ ਹੈ।

# ਮੈਨੂੰ ਸਫ਼ਲਤਾ ਤੇ ਅਸਫ਼ਲਤਾ ਦੀ ਪ੍ਰਵਾਹ ਨਹੀਂ-ਜੌਹਨ



ਮੁੰਬਈ-ਬੌਲੀਵੁੱਡ ਅਦਾਕਾਰ ਜੌਹਨ ਅਬਰਾਹਿਮ ਦੀਆਂ ਇਸ ਸਾਲ ਤਿੰਨ ਫ਼ਿਲਮਾਂ ਵੱਡੇ ਪਰਦੇ 'ਤੇ ਰਿਲੀਜ਼ ਹੋਣਗੀਆਂ। ਇਨ੍ਹਾਂ 'ਚੋਂ ਸਭ ਤੋਂ ਪਹਿਲਾਂ ਰਿਲੀਜ਼ ਹੋਵੇਗੀ ਫ਼ਿਲਮ 'ਮੁੰਬਈ ਸਾਗਾ'। ਅਦਾਕਾਰ ਤੇ ਪ੍ਰੋਡਿਊਸਰ ਜੌਹਨ ਦਾ ਕਹਿਣਾ ਹੈ ਕਿ ਉਸ ਨੇ ਹਮੇਸ਼ਾਂ ਵੱਡੇ ਪਰਦੇ ਨੂੰ ਪਹਿਲ ਦਿੱਤੀ ਹੈ। 48 ਸਾਲਾ ਇਸ ਅਦਾਕਾਰ ਦਾ ਕਹਿਣਾ ਹੈ ਕਿ ਇਹ ਬਹੁਤ ਅਹਿਮ ਹੈ ਕਿ ਫ਼ਿਲਮ ਜਗਤ ਦਾ ਹਾਲੇ ਵੀ ਸਿਨੇਮਾ ਮਾਲਕਾਂ ਵਿੱਚ ਭਰੋਸਾ ਹੈ, ਜੋ ਕਰੋਨਾ ਨੇਮਾਂ ਦੀ ਪਾਲਣ ਕਰਦਿਆਂ ਮੁੜ ਸਿਨੇਮਾ ਘਰ ਖੋਲ੍ਹ ਰਹੇ ਹਨ। ਉਸ ਨੇ ਕਿਹਾ,'ਮੇਰੇ ਲਈ ਇਹ ਖ਼ੁਸ਼ੀ ਦੀ ਗੱਲ ਹੈ ਕਿ ਮੈਂ ਆਪਣੀਆਂ ਫ਼ਿਲਮਾਂ ਰਾਹੀਂ ਆਮ ਲੋਕਾਂ ਤੱਕ ਪਹੁੰਚ ਕਰ ਰਿਹਾ ਹਾਂ ਕਿਉਂਕਿ ਅਸੀਂ ਅਦਾਕਾਰ ਉਨ੍ਹਾਂ ਦਾ ਮਨੋਰੰਜਨ ਕਰਦੇ ਹਾਂ। ਮੈਂ ਚੰਗੀਆਂ ਫ਼ਿਲਮਾਂ ਬਣਾਉਣਾ ਚਾਹੁੰਦਾ ਹਾਂ। ਮੈਨੂੰ ਸਫ਼ਲਤਾ ਤੇ ਅਸਫ਼ਲਤਾ ਦੀ ਕੋਈ ਪ੍ਰਵਾਹ ਨਹੀਂ ਹੈ।" ਖ਼ਬਰ ਏਜੰਸੀ ਪੀਟੀਆਈ ਨਾਲ ਇੱਕ ਇੰਟਰਵਿਊ ਦੌਰਾਨ ਜੌਹਨ ਨੇ ਆਖਿਆ, "ਮੈਂ ਵਧੇਰੇ ਲੋਕਾਂ ਤੱਕ ਪਹੁੰਚਣ 'ਚ ਸਫ਼ਲ ਹੋਣਾ ਚਾਹੁੰਦਾ ਹਾਂ। ਮੈਂ ਚਾਹੁੰਦਾ ਹਾਂ ਕਿ ਦਰਸ਼ਕਾਂ ਕੋਲ ਵੱਡੇ ਪਰਦੇ ਦਾ ਤਜਰਬਾ ਹੋਵੇ। ਅਸੀਂ ਵੱਡੇ ਪਰਦੇ ਦੀ ਸਮਝ ਅਤੇ ਫ਼ਿਲਮਾਂ ਵਿੱਚਲਾ ਨਾਇਕਵਾਦ ਗੁਆ ਲਿਆ ਹੈ ਪਰ ਫ਼ਿਲਮ 'ਮੁੰਬਈ ਸਾਗਾ' ਇਸ ਨੂੰ ਵਾਪਸ ਲਿਆਉਣ ਦਾ ਕੰਮ ਕਰੇਗੀ।" ਉਸ ਨੇ ਕਿਹਾ,"ਬਹੁਤ ਥੋੜ੍ਹੇ ਅਜਿਹੇ ਅਦਾਕਾਰ ਹਨ ਜਿਹੜੇ ਵੱਡੇ ਪਰਦੇ 'ਤੇ ਆਪਣੀਆਂ ਮੁਸ਼ਕਲਾਂ ਤੋਂ ਬਚਣ ਲਈ ਓਟੀਟੀ ਪਲੈਟਫਾਰਮ 'ਤੇ ਫਿਲਮ ਰਿਲੀਜ਼ ਕਰਨ ਨੂੰ ਪਹਿਲ ਦਿੰਦੇ ਹਨ।" ਜਾਣਕਾਰੀ ਅਨੁਸਾਰ ਜੌਹਨ ਫ਼ਿਲਮ 'ਸੱਤਿਆਮੇਵ ਜਯਤੇ-2 ਅਤੇ ਅਟੈਕ' ਵਿਚ ਨਜ਼ਰ ਆਵੇਗਾ। ਇਹ ਫ਼ਿਲਮਾਂ ਸਿਨੇਮਾ ਘਰਾਂ ਵਿਚ ਰਿਲੀਜ਼ ਹੋਣਗੀਆਂ। ਫ਼ਿਲਮ 'ਸੱਤਿਆਮੇਵ ਜਯਤੇ-2' ਅਤੇ ਸਲਮਾਨ ਖਾਨ ਦੀ ਫ਼ਿਲਮ 'ਰਾਧੇ: ਯੂਅਰ ਮੋਸਟ ਵਾਂਟਿਡ ਭਾਈ' ਆਗਾਮੀ 13 ਮਈ ਨੂੰ ਈਦ ਮੌਕੇ ਰਿਲੀਜ਼ ਹੋਣਗੀਆਂ। ਫ਼ਿਲਮ 'ਅਟੈਕ' ਆਜ਼ਾਦੀ ਦਿਵਸ ਸਪਤਾਹ ਦੌਰਾਨ ਸਿਨੇਮਾ ਘਰਾਂ ਦਾ ਸ਼ਿੰਗਾਰ ਬਣੇਗੀ। ਜੌਹਨ ਨੇ ਆਖਿਆ,"ਅਦਾਕਾਰ ਹੋਣ ਦੇ ਨਾਤੇ ਮੇਰੀ ਚਿੰਤਾ ਇਹ ਹੈ ਕਿ ਮੇਰੀਆਂ ਫ਼ਿਲਮਾਂ ਸੱਭਿਅਕ ਅਤੇ ਚੰਗੀਆਂ ਹੋਣ। ਹਾਲਾਂਕਿ ਹਰ ਅਦਾਕਾਰ ਆਪਣੇ ਫ਼ਿਲਮੀ ਮਾਪਦੰਡਾਂ ਅਤੇ ਆਪਣੀ ਕਮਾਈ ਬਾਰੇ ਚਿੰਤਤ ਹੈ। ਅਸੀਂ ਨਹੀਂ ਜਾਣਦੇ ਕੀ ਵਾਪਰਨ ਜਾ ਰਿਹਾ ਹੈ ਪਰ ਹਾਲ ਹੀ ਵਿੱਚ ਅਜਿਹੇ ਮਾਮਲੇ ਵਧੇ ਹਨ।"




# 21 ਮਈ ਨੂੰ ਰਿਲੀਜ਼ ਹੋਵੇਗੀ ਫਿਲਮ 'ਤੂਫਾਨ'

ਸਿਨੇਮਾਘਰਾਂ ਦੇ ਖੁੱਲ੍ਹਣ ਦੇ ਕਰੀਬ ਪੰਜ ਮਹੀਨੇ ਬਾਅਦ ਵੀ ਬਾਕਸ ਆਫਿਸ 'ਤੇ ਪੁਰਾਣੀ ਰੰਗਤ ਨਹੀਂ ਦਿਸ ਰਹੀ ਹੈ। ਓਧਰ ਦੇਸ਼ ਵਿੱਚ ਕੋਰੋਨਾ ਦੇ ਫਿਰ ਤੋਂ ਵਧਦੇ ਮਾਮਲਿਆਂ ਨੇ ਨਿਰਮਾਤਾਵਾਂ ਦਾ ਡਰ ਹੋਰ ਵਧਾ ਦਿੱਤਾ ਹੈ। ਅਜਿਹੇ ਵਿੱਚ ਫਰਹਾਨ ਅਖਤਰ ਅਤੇ ਮ੍ਰਿਣਾਲ ਠਾਕੁਰ ਦੀ ਫਿਲਮ 'ਤੂਫਾਨ' ਨੇ ਡਿਜੀਟਲ ਪਲੇਟਫਾਰਮ ਦਾ ਰੁਖ਼ ਕੀਤਾ ਹੈ। ਇਹ ਫਿਲਮ ਅਮੇਜ਼ਨ ਪ੍ਰਾਈਮ ਵੀਡੀਓ 'ਤੇ 21 ਮਈ ਨੂੰ ਰਿਲੀਜ਼ ਹੋਵੇਗੀ। ਨਿਰਮਾਤਾ ਰਿਤੇਸ਼ ਸਿਧਵਾਨੀ ਦੱਸਦੇ ਹਨ ਕਿ 'ਤੂਫਾਨ' ਬਾਕਸਿੰਗ 'ਤੇ ਆਧਾਰਤ ਇੱਕ ਸਪੋਰਟਸ ਡਰਾਮਾ ਹੈ। ਇਸ ਵਿੱਚ ਡੋਂਗਰੀ (ਮੁੰਬਈ ਦਾ ਇੱਕ ਇਲਾਕਾ) ਦੇ ਇੱਕ ਸੜਕਛਾਪ ਗੁੰਡੇ ਦੇ ਪਤਨ ਅਤੇ ਸਾਰੀਆਂ ਰੁਕਾਵਟਾਂ ਨੂੰ ਪਾਰ ਕਰਦੇ ਹੋਏ ਜਿੱਤ ਹਾਸਲ ਕਰਨ ਦੀ ਕਹਾਣੀ ਦਿਖਾਈ ਗਈ ਹੈ। ਸਾਲ 2013 ਵਿੱਚ ਰਿਲੀਜ਼ ਹੋਈ ਫਿਲਮ 'ਭਾਗ ਮਿਲਖਾ ਭਾਗ' ਮਗਰੋਂ ਫਰਹਾਨ ਦੋਬਾਰਾ ਰਾਕੇਸ਼ ਓਮ ਪਰਕਾਸ਼ ਮਹਿਰਾ ਦੇ ਨਿਰਦੇਸ਼ਨ ਵਿੱਚ ਕੰਮ ਕਰ ਰਹੇ ਹਨ। ਰਾਕੇਸ਼ ਕਹਿੰਦੇ ਹਨ, "ਫਰਹਾਨ ਦੀ ਸਭ ਤੋਂ ਚੰਗੀ ਗੱਲ ਹੈ ਕਿ ਉਹ ਸਿਰਫ ਐਕਟਿੰਗ ਨਹੀਂ ਕਰਦੇ, ਕਿਰਦਾਰ ਜੀਉਂਦੇ ਹਨ। 'ਤੂਫਾਨ' ਸਭ ਨੂੰ ਸਹਿਜਤਾ ਨਾਲ ਬਾਹਰ ਨਿਕਲਣ ਅਤੇ ਸੁਫਨਿਆਂ ਨੂੰ ਹਕੀਕਤ ਵਿੱਚ ਬਦਲਣ ਦੇ ਲਈ ਪ੍ਰੇਰਿਤ ਕਰੇਗੀ।

ਬੀ.ਸੀ. ਵਿੱਚ ਕੋਵਿਡ-19


ਟੀਕਾਕਰਣ ਅਪਡੇਟ

ਹੁਣ ਕਿਸ ਦੀ ਬਾਰੀ ਹੈ:

80 ਸਾਲ ਅਤੇ ਉਸ ਤੋਂ ਵਧ ਉਮਰ ਦੇ ਬਜ਼ੁਰਗ

65 ਸਾਲ ਅਤੇ ਉਸ ਤੋਂ ਵਧ ਉਮਰ ਦੇ ਮੂਲਵਾਸੀ ਲੋਕ

COVID-19 ਨਾਲ ਸਭ ਤੋਂ ਵੱਡਾ ਜੋਖਮ ਵਾਲਾ ਕਾਰਨ ਉਮਰ ਹੈ। ਇਸੇ ਲਈ ਅਪ੍ਰੈਲ ਦੇ ਅੱਧ ਤੱਕ ਉੱਚ ਜੋਖਮ ਵਾਲੇ ਲਗਭਗ 400, 000 ਬ੍ਰਿਟਿਸ਼ ਕੋਲੰਬੀਆ ਵਾਸੀਆਂ ਨੂੰ ਟੀਕਾ ਲਗਾਇਆ ਜਾਵੇਗਾ। ਆਉਣ ਵਾਲੇ ਮਹੀਨਿਆਂ ਵਿੱਚ 5 – ਸਾਲ ਦੇ ਉਮਰ ਗਰੁੱਪਾਂ ਵਿੱਚ ਲੋਕਾਂ ਨੂੰ ਟੀਕੇ ਉਪਲੱਬਧ ਕਰਵਾਏ ਜਾਣਗੇ। ਟੀਕਾਕਰਣ ਕਰਵਾਉਣਾ COVID-19 ਨੂੰ ਪਿੱਛੇ ਛੱਡਣ ਵਿੱਚ ਮਦਦ ਕਰਨ ਦਾ ਇੱਕ ਮਹੱਤਵਪੂਰਣ ਕਦਮ ਹੈ। ਅਤੇ ਕੈਨੇਡਾ ਵੱਲੋਂ ਮਨਜ਼ੂਰਸ਼ੁਦਾ ਟੀਕੇ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਹਨ।



ਜਾਣਕਾਰੀ ਲਈ ਜਾਓ:
gov.bc.ca/bcseniorsfirst

BRITISH COLUMBIA

# Filmy ਸਮਾਚਾਰ

## 'ਅਰੂਵੀ' ਦੇ ਹਿੰਦੀ ਰੀਮੇਕ 'ਚ ਫਾਤਿਮਾ ਸਨਾ ਸ਼ੇਖ਼



ਅਭਿਨੇਤਰੀ ਫਾਤਿਮਾ ਸਨਾ ਸ਼ੇਖ ਤਮਿਲ ਵਿੱਚ ਆਈ ਹਿੱਟ ਫਿਲਮ 'ਅਰੂਵੀ' ਦੇ ਹਿੰਦੀ ਰੀਮੇਕ ਵਿੱਚ ਸ਼ਾਮਲ ਹੋਵੇਗੀ। ਇਸ ਰੀਮੇਕ ਦਾ ਨਿਰਦੇਸ਼ਨ ਈ ਨਿਵਾਸ ਕਰਨਗੇ, ਜੋ ਪਹਿਲਾਂ 'ਸ਼ੂਲ', 'ਦਮ' ਅਤੇ 'ਲਵ ਕੇ ਲੀਏ ਕੁਛ ਭੀ ਕਰੇਗਾ' ਵਰਗੀਆਂ ਫਿਲਮਾਂ ਬਣਾ ਚੁੱਕੇ ਹਨ। ਸਾਲ 2017 ਵਿੱਚ ਆਈ ਇਸ ਤਮਿਲ ਫਿਲਮ ਵਿੱਚ ਅਭਿਨੇਤਰੀ ਅਦਿਤੀ ਬਾਲਨ ਮੁੱਖ ਭੂਮਿਕਾ ਵਿੱਚ ਸੀ। ਫਾਤਿਮਾ ਦਾ ਆਪਣੇ ਇਸ ਕਿਰਦਾਰ ਬਾਰੇ ਕਹਿਣਾ ਹੈ, "ਮੈਂ ਇਹ ਕਿਰਦਾਰ ਨਿਭਾਉਣ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੀ ਹਾਂ। ਇਸ ਸਫਰ ਨੂੰ ਸ਼ੁਰੂ ਕਰਨ ਦੇ ਲਈ ਮੈਂ ਬਹੁਤ ਐਕਸਾਈਟਿਡ ਹਾਂ। ਡਾਇਰੈਕਟਰ ਨਿਵੇਸ਼ ਕਹਿੰਦੇ ਹਨ, 'ਅਰੂਵੀ@ ਸਿਰਫ ਇੱਕ ਹੀਰੋ ਦੀ ਨਹੀਂ, ਜ਼ਿੰਦਗੀ ਦੀਆਂ ਉਲਝਣਾਂ @ਤੇ ਜਿੱਤ ਹਾਸਲ ਕਰਨ ਦੀ ਕਹਾਣੀ ਹੈ। ਇਹ ਬੇਹੱਦ ਉਤਸ਼ਾਹ ਪੂਰਨ ਹੈ। ਫਾਤਿਮਾ ਸਨਾ ਸ਼ੇਖ ਇਸ ਕਿਰਦਾਰ @ਤੇ ਬਿਲਕੁਲ ਫਿੱਟ ਬੈਠਦੀ ਹੈ। ਮੈਨੂੰ ਇਸ ਗੱਲ ਦੀ ਵਾਕਈ ਵਿੱਚ ਖੁਸ਼ੀ ਹੈ ਕਿ ਮੇਰੇ ਅੱਜ ਤੱਕ ਦੇ ਦੇਖੇ ਗਏ ਸਭ ਤੋਂ ਖੂਬਸੂਰਤ ਸਿਨੇਮਾਈ ਕਿਰਦਾਰਾਂ ਵਿੱਚੋਂ ਇੱਕ @ਤੇ ਕੰਮ ਕਰਨ ਦਾ ਮੈਨੂੰ ਮੌਕਾ ਮਿਲ ਰਿਹਾ ਹੈ। ਫਿਲਮ ਦੀ ਸ਼ੂਟਿੰਗ ਜਲਦੀ ਹੀ ਸ਼ੁਰੂ ਹੋਵੇਗੀ।

## ਜੈਕਲੀਨ ਨੇ 'ਬੱਚਨ ਪਾਂਡੇ' ਲਈ ਰੱਸੀ 'ਤੇ ਤੁਰਨਾ ਸਿੱਖਿਆ



ਮੁੰਬਈ-ਅਦਾਕਾਰਾ ਜੈਕਲੀਨ ਨੇ ਹਾਲ ਹੀ ਵਿੱਚ ਜੈਸਲਮੇਰ ਵਿੱਚ ਆਪਣੀ ਫਿਲਮ 'ਬੱਚਨ ਪਾਂਡੇ' ਦੀ ਸ਼ੂਟਿੰਗ ਮੁਕੰਮਲ ਕੀਤੀ ਹੈ। ਇਸ ਫਿਲਮ ਵਿਚਲੇ ਕਿਰਦਾਰ ਲਈ ਜੈਕਲੀਨ ਨੂੰ ਰੱਸੀ 'ਤੇ ਤੁਰਨ ਦੀ ਕਲਾ ਸਿੱਖਣੀ ਪਈ। ਇੱਕ ਪਤਲੀ ਤਾਰ ਜਾਂ ਰੱਸੀ 'ਤੇ ਤੁਰਨਾ ਇੱਕ ਹੁਨਰ ਹੈ ਅਤੇ ਬਹੁਤ ਸਾਰੇ ਦੇਸ਼ਾਂ ਵਿੱਚ ਸਥਾਨਕ ਲੋਕਾਂ ਵੱਲੋਂ ਇਸ ਕਲਾ ਦੀ ਪੇਸ਼ਕਾਰੀ ਕੀਤੀ ਜਾਂਦੀ ਹੈ। ਜੈਕਲੀਨ ਕਰੀਬ ਤਿੰਨ ਹਫ਼ਤੇ ਜੈਸਲਮੇਰ ਰਹੀ ਅਤੇ ਉੱਥੇ ਉਸ ਨੇ ਰੱਸੀ 'ਤੇ ਤੁਰਨ ਦੀ ਇਹ ਕਲਾ ਕਰੀਬ ਇੱਕ ਹਫ਼ਤੇ ਵਿੱਚ ਹੀ ਸਿੱਖ ਲਈ। ਕਰੀਬੀ ਸੂਤਰਾਂ ਨੇ ਦੱਸਿਆ, "ਇਹ ਸਿੱਖਣਾ ਇੱਕ ਮੁਸ਼ਕਲ ਕਲਾ ਹੈ, ਜਿੱਥੇ ਕਿਸੇ ਨੂੰ ਰੱਸੀ 'ਤੇ ਤੁਰਨ ਲਈ ਸਰੀਰ ਦਾ ਸਹੀ ਸੰਤੁਲਨ ਬਣਾ ਕੇ ਰੱਖਣ ਦੀ ਲੋੜ ਹੁੰਦੀ ਹੈ, ਜੋ ਜ਼ਮੀਨ ਤੋਂ ਤਕਰੀਬਨ ਅੱਠ ਤੋਂ 10 ਫੁੱਟ ਦੀ ਉਚਾਈ 'ਤੇ ਬੰਨ੍ਹੀ ਹੋਈ ਹੋਵੇ। ਜੈਕਲੀਨ ਨੇ ਇਹ ਕਲਾ ਆਸਾਨੀ ਨਾਲ ਸਿੱਖੀ।" ਸੂਤਰਾਂ ਨੇ ਅੱਗੇ ਦੱਸਿਆ ਕਿ ਇਸ ਤੋਂ ਪਹਿਲਾਂ ਅਦਾਕਾਰਾ ਆਪਣੇ ਪੱਧਰ 'ਤੇ ਪੋਲ ਡਾਂਸ ਅਤੇ ਏਰੀਅਲ ਯੋਗਾ ਵੀ ਸਿੱਖ ਚੁੱਕੀ ਹੈ, ਜਿਸ ਨੇ ਉਸ ਨੂੰ ਇਸ ਕਲਾ ਲਈ ਸੰਤੁਲਨ ਬਣਾ ਕੇ ਰੱਖਣ ਵਿੱਚ ਮਦਦ ਕੀਤੀ। ਸੂਤਰਾਂ ਨੇ ਦਾਅਵਾ ਕੀਤਾ, "ਉਸ ਨੇ ਕਈ ਹੈਰਾਨੀਜਨਕ ਸ਼ਾਟ ਦਿੱਤੇ ਅਤੇ ਇਹ ਕਲਾ ਸ਼ਾਨਦਾਰ ਤਰੀਕੇ ਨਾਲ ਸਿੱਖ ਕੇ ਸਭ ਦੀ ਬੋਲਤੀ ਬੰਦ ਕੀਤੀ।" ਇਸ ਫਿਲਮ ਵਿੱਚ ਜੈਕਲੀਨ ਅਤੇ ਫਿਲਮ ਨਿਰਮਾਤਾ ਸਾਜਿਦ ਨਾਡੀਆਡਵਾਲਾ ਅੱਠਵੀਂ ਵਾਰ ਇਕੱਠਿਆਂ ਕੰਮ ਕਰ ਰਹੇ ਹਨ। ਇਹ ਜੋੜੀ ਅੱਗੇ 'ਕਿੱਕ-2' ਵਿੱਚ ਵੀ ਕੰਮ ਕਰੇਗੀ।



## ਲੀਕ ਤੋਂ ਹੱਟ ਕੇ ਕਿਰਦਾਰ ਨਿਭਾਉਣਾ ਚੁਣੌਤੀਪੂਰਨ-ਬੌਬੀ ਦਿਓਲ

ਮੁੰਬਈ-ਬੌਲੀਵੁੱਡ ਅਦਾਕਾਰ ਬੌਬੀ ਦਿਓਲ ਨੂੰ ਇਹ ਗੱਲ ਮੰਨਣ 'ਚ ਕੋਈ ਝਿਜਕ ਨਹੀਂ ਕਿ ਉਸ ਨੇ ਕੁਝ ਫ਼ਿਲਮਾਂ ਲਈਆਂ ਹਨ। ਬੌਬੀ ਨੇ ਆਖਿਆ ਕਿ ਉਸ ਨੇ ਹਾਲ ਹੀ ਵਿੱਚ 'ਹਾਊਸਫੁੱਲ-4 ਤੇ ਰੇਸ-3' ਵਰਗੀਆਂ ਫ਼ਿਲਮਾਂ ਸਾਈਨ ਕੀਤੀਆਂ ਹਨ। ਉਸ ਨੇ ਕਿਹਾ ਕਿ ਲੋਕ ਆਉਣ ਤੇ ਫ਼ਿਲਮ ਦੇਖਣ ਅਤੇ ਯਾਦ ਰੱਖਣ ਕਿ ਉਹ ਵੀ ਮੌਜੂਦ ਹਨ। ਖ਼ਬਰ ਏਜੰਸੀ ਆਈਏਐੱਨਐੱਸ ਨਾਲ ਗੱਲਬਾਤ ਕਰਦਿਆਂ ਬੌਬੀ ਦਿਓਲ ਨੇ ਆਖਿਆ,"ਮੈਂ ਆਪਣੇ ਕਰੀਅਰ ਵਿੱਚ ਉਤਰਾਅ-ਚੜ੍ਹਾਅ ਦੇਖੇ ਹਨ। ਇਕ ਸਮਾਂ ਸੀ ਜਦੋਂ ਮੇਰੇ ਕੋਲ ਕੋਈ ਕੰਮ ਨਹੀਂ ਸੀ। ਜਦੋਂ ਅਜਿਹਾ ਭਾਣਾ ਵਾਪਰਦਾ ਹੈ ਤਾਂ ਤੁਸੀਂ ਅਜਿਹੇ ਪ੍ਰਾਜੈਕਟ ਲੱਭਦੇ ਹੋ ਜਿਸ ਵਿੱਚ ਬਹੁਤ ਸਾਰੇ ਅਦਾਕਾਰ ਹੋਣ। ਫਿਰ ਤੁਹਾਡਾ ਧਿਆਨ 'ਰੇਸ-3 ਅਤੇ ਹਾਊਸਫੁੱਲ-4' ਵਰਗੀਆਂ ਫ਼ਿਲਮਾਂ 'ਤੇ ਜਾਂਦਾ ਹੈ। ਮੇਰਾ ਮੰਨਣਾ ਹੈ ਕਿ ਜਿਸ ਫ਼ਿਲਮ 'ਚ ਸਿਨੇ ਜਗਤ ਦੇ ਵੱਡੇ ਸਿਤਾਰੇ ਸਲਮਾਨ ਖਾਨ ਅਤੇ ਅਕਸ਼ੈ ਕੁਮਾਰ ਹੋਣ ਲੋਕ ਉਸ ਫ਼ਿਲਮ ਨੂੰ ਦੇਖਣ ਜ਼ਰੂਰ ਜਾਣਗੇ ਤੇ ਉਨ੍ਹਾਂ ਨੂੰ ਅਹਿਸਾਸ ਹੋਵੇਗਾ ਇਸ ਫ਼ਿਲਮ ਵਿਚ ਬੌਬੀ ਦਿਓਲ ਵੀ ਹੈ।" ਉਸ ਨੇ ਆਖਿਆ ਕਿ ਉਹ ਮੁੱਖ ਭੂਮਿਕਾ ਵਾਲੇ ਕਿਰਦਾਰ ਨਿਭਾਉਣ ਲਈ ਬਜ਼ਿੱਦ ਨਹੀਂ ਹੈ ਪਰ ਉਹ ਫ਼ਿਲਮ ਵਿੱਚ ਅਹਿਮ ਕਿਰਦਾਰ ਜ਼ਰੂਰ ਨਿਭਾਉਣਾ ਚਾਹੁੰਦਾ ਹੈ। ਅਦਾਕਾਰ ਨੇ ਆਖਿਆ,"ਮੇਰੀ ਜ਼ਮੀਰ ਕਹਿੰਦੀ ਹੈ ਕਿ ਮੈਂ ਚੰਗੀਆਂ ਫ਼ਿਲਮਾਂ ਕਰਾਂ। ਮੈਨੂੰ ਕਿਸੇ ਵੀ ਫ਼ਿਲਮ 'ਚ ਮੁੱਖ ਕਿਰਦਾਰ 'ਚ ਨਜ਼ਰ ਆਉਣ ਦੀ ਲੋੜ ਨਹੀਂ ਹੈ। ਮੈਨੂੰ ਅਜਿਹਾ ਕਿਰਦਾਰ ਨਿਭਾਉਣ ਦੀ ਲੋੜ ਹੈ ਜੋ ਦਰਸ਼ਕਾਂ ਦਾ ਧਿਆਨ ਖਿੱਚੇ ਅਤੇ ਮੈਂ ਭਵਿੱਖ ਵਿਚ ਅਜਿਹੀਆਂ ਫ਼ਿਲਮਾਂ 'ਚ ਕੰਮ ਕਰਨ ਬਾਰੇ ਹੀ ਸੋਚ ਰਿਹਾ ਹਾਂ। ਅਦਾਕਾਰ ਹੋਣ ਦੇ ਨਾਤੇ ਆਪਣੀ ਲੀਕ ਤੋਂ ਹੱਟ ਕੇ ਕਿਰਦਾਰ ਨਿਭਾਉਣਾ ਬਹੁਤ ਚੁਣੌਤੀਪੂਰਨ ਹੈ।" ਮੁਕਾਬਲੇਬਾਜ਼ੀ ਬਾਰੇ ਗੱਲਬਾਤ ਕਰਦਿਆਂ ਉਸ ਨੇ ਆਖਿਆ ਕਿ ਤੁਹਾਨੂੰ ਖੁਦ ਨਾਲ ਖੜ੍ਹਨ ਦੀ ਲੋੜ ਹੈ। ਜਾਣਕਾਰੀ ਅਨੁਸਾਰ ਓਟੀਟੀ ਪਲੈਟਫਾਰਮ 'ਤੇ ਆਈ ਬੌਬੀ ਦਿਓਲ ਦੀ ਵੈੱਬਸੀਰੀਜ਼ 'ਆਸ਼ਰਮ' ਬਹੁਤ ਪ੍ਰਸਿੱਧ ਹੋਈ ਹੈ। ਉਸ ਨੇ ਆਖਿਆ,"ਮੁਕਾਬਲਾ ਹਮੇਸ਼ਾ ਹੀ ਹੁੰਦਾ ਹੈ। ਜੇਕਰ ਤੁਸੀਂ ਆਪਣੇ ਬਾਰੇ ਨਹੀਂ ਬੋਲਦੇ ਤਾਂ ਲੋਕ ਤੁਹਾਨੂੰ ਦੇਖਣਗੇ ਨਹੀਂ। ਅਦਾਕਾਰ ਹੋਣ ਦੇ ਨਾਤੇ ਤੁਹਾਨੂੰ ਪੂਰੀ ਵਾਹ ਲਾਉਣੀ ਪਵੇਗੀ। ਖੁਦ ਨੂੰ ਹਲਕੇ ਵਿਚ ਨਾ ਲਓ। ਚੰਗਾ ਕੰਮ ਹਮੇਸ਼ਾਂ ਰੰਗ ਲਿਆਉਂਦਾ ਹੈ।

## ਇੱਕ ਘਟਨਾ ਤੋਂ ਬਾਅਦ ਬਦਲੀ ਯਾਮੀ ਦੀ ਜ਼ਿੰਦਗੀ



ਹਾਲ ਹੀ ਵਿੱਚ ਯਾਮੀ ਗੌਤਮ ਨੇ ਆਪਣੀ ਨਿੱਜੀ ਜ਼ਿੰਦਗੀ ਦੇ ਬਾਰੇ ਹੈਰਾਨ ਕਰੀ ਵਾਲਾ ਖੁਲਾਸਾ ਕੀਤਾ ਹੈ। ਉਸ ਨੇ ਦੱਸਿਆ ਕਿ ਇੱਕ ਸੜਕ ਹਾਦਸੇ ਵਿੱਚ ਉਸ ਦੀ ਗਰਦਨ 'ਤੇ ਲੱਗੀ ਸੱਟ ਨੇ ਇੱਕ ਹੀ ਪਲ ਵਿੱਚ ਉਸ ਦੀ ਪੂਰੀ ਜ਼ਿੰਦਗੀ ਬਦਲ ਕੇ ਰੱਖ ਦਿੱਤੀ। ਯਾਮੀ ਨੇ ਕਿਹਾ, "ਇੱਕ ਸਵੇਰ ਜਦ ਮੈਂ ਚੰਡੀਗੜ੍ਹ ਯੂਨੀਵਰਸਿਟੀ ਜਾਣ ਲਈ ਨਿਕਲੀ ਤਾਂ ਮੇਰੇ ਅੱਗੇ ਚੱਲ ਰਹੀ ਕਾਰ ਨੇ ਗਲਤ ਮੋੜ ਲੈ ਲਿਆ ਤੇ ਮੈਂ ਟੱਕਰ ਖਾ ਕੇ ਡਿੱਗ ਪਈ। ਡਾਕਟਰ ਨੇ ਦੱਸਿਆ ਕਿ ਮੇਰੀ ਗਰਦਨ ਵਿੱਚ ਫੈਕਚਰ ਹੈ ਅਤੇ ਮੈਂ ਜ਼ਿੰਦਗੀ 'ਚ ਕਦੀ ਵਰਕਆਊਟ ਨਹੀਂ ਕਰ ਸਕਾਂਗੀ। ਉਦੋਂ ਮੈਂ ਆਈ ਐਸ ਅਫਸਰ ਬਣਨ ਦਾ ਸੁਫਨਾ ਦੇਖ ਰਹੀ ਸੀ। ਗਰਦਨ ਦਾ ਦਰਦ ਅੱਜ ਵੀ ਕਦੇ-ਕਦੇ ਉਸ ਨੂੰ ਪ੍ਰੇਸ਼ਾਨ ਕਰਦਾ ਹੈ।



# ROHITA PANNU
# LAW CORPORATION
## BARRISTER & SOLICITOR




## SERVICES

- ALL NOTARY PUBLIC
- WILLS & ESTATE
- RESIDENTIAL & COMMERCIAL
- REAL ESTATE BUYING & SELLING
- MORTGAGES
- DIVORCE/ FAMILY LAW

- ਨੋਟਰੀ ਸੇਵਾਵਾਂ
- ਵਸੀਅਤਨਾਮਾ
- ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ
- ਹਲਫੀਆ ਬਿਆਨ
- ਘਰਾਂ ਦੀ ਖਰੀਦੋ- ਫਰੋਖਤ
- ਮੋਰਟਗੇਜ਼
- ਤਲਾਕ (ਫੈਮਲੀ-ਲਾਅ)

**Ph: 604.589.1399**

**Fax : 604.589.1556** **www.rohitapannulaw.com**

**2 Locations to Serve You**

\# 102-9278, 120th Street,
Surrey, BC V3V 4W8

6303 Fraser Street,
Vancouver BC


Rajan MANGOES
ARE HERE!
available only at
fruiticana
SINCE 1994
LOWEST PRICES IN TOWN
Extra Extra Super Special
RAJAN MANGOES
ਰਾਜਨ ਹੇਡਨ ਅੰਬ (HADEN) 4 kg
$10.98 BOX
*Number of pieces depends on the weight
Opo Squash
ਓਪੋ ਕੱਦੂ
79¢ lb
Red Seedless Grapes
ਲਾਲ ਅੰਗੂਰ (ਬਿਨਾਂ ਬੀਜ ਤੋਂ)
$1.99 lb
Nanak Paneer 341 g
ਨਾਨਕ ਪਨੀਰ
$3.99 pkg.
Nanak Rasmalai
3 Flavours 850 g
ਨਾਨਕ ਰਸਮਲਾਈ
ਵੱਖ-ਵੱਖ ਫਲੇਵਰ
$6.99 pkg.
Nanak Desi Ghee
1.6 kg
ਨਾਨਕ ਘਿਓ
$19.99 ea.
Nanak Gulabjamun 908 g
ਨਾਨਕ ਗੁਲਾਬ ਜਾਮੁਨ
$5.99 pkg.
Indican Basmati
Rice 8 lbs
ਇੰਡੀਕੇਨ ਬਾਸਮਤੀ ਚੌਲ
$6.98 bag
Indican Chickpeas
Red Lentil Whole 4 lbs
ਇੰਡੀਕੇਨ ਚਿੱਟੇ ਛੋਲੇ ਮਸਰਾਂ ਦੀ ਸਾਬਤ ਦਾਲ
$2.49 bag
Extra Super Super Special
Fresh Ginger
ਤਾਜ਼ਾ ਅਦਰਕ
99¢ lb
Extra Super Super Special
Jumbo Cauliflower Size 9
ਵੱਡਾ ਗੋਬੀ ਦਾ ਫੁੱਲ ਸਾਈਜ਼ ੯
$2.49 ea.
Super Special
Round Tomatoes
ਗੋਲ ਟਮਾਟਰ
68¢ lb
Super Special
Yellow Onions
50 lbs
ਪੀਲੇ ਗੰਢੇ
$9.98 bag
Super Special
Long Eggplants
ਲੰਬੇ ਬਤਾਊਂ
99¢ lb
Super Special
Red Onions
25 lbs
ਲਾਲ ਗੰਢੇ
$8.99 bag
Super Special
Roma Tomatoes
ਟਮਾਟਰ ਰੋਮਾ
78¢ lb
Super Special
Indican Punjabi Cane
White Sugar 8 lbs
ਇੰਡੀਕੇਨ ਪੰਜਾਬੀ ਗੰਨੇ ਦੀ ਚਿੱਟੀ ਖੰਡ
$3.99 bag
Green & Red
Bell Peppers
ਹਰੀ ਅਤੇ ਲਾਲ
ਸ਼ਿਮਲਾ ਮਿਰਚਾਂ
98¢ lb
Red Delicious Apples
USA #1
ਲਾਲ ਸਵਾਦ ਸੇਬ ਯੂ.ਐਸ.ਏ #੧
88¢ lb
Russet Potatoes
Snoboy USA #1
10 lbs
ਆਲੂ ਰਸਟ ਸਨੋਬੁਆਏ ਯੂ.ਐਸ.ਏ #੧
$2.99 bag
Large Seedless Oranges
ਵੱਡੇ ਸੰਤਰੇ (ਬਿਨਾਂ ਬੀਜ ਤੋਂ)
88¢ lb
Gala Apples USA #1
ਗਾਲਾ ਸੇਬ ਯੂ.ਐਸ.ਏ #੧
98¢ lb
Long English Cucumbers
ਲੰਬੇ ਇੰਗਲਿਸ਼ ਖੀਰੇ
2 for $1.50
Cilantro
ਧਨੀਆ
3 bunches for 99¢
Indian Eggplants
ਦੇਸੀ ਬਤਾਊਂ
99¢ lb
Daikon
ਮੂਲੀ
88¢ lb
Spinach
ਪਾਲਕ
2 bunches for $1.59
Green Cardamom
(Elaichi) MG
ਹਰੀ ਇਲਾਇਚੀ (ਐਮ ਜੀ)
$26.99 lb
Bhogpur Moti Cane Sugar
100% Vegetarian15 lbs
ਭੋਗਪੁਰ ਮੋਟੀ ੧੦੦%
ਵੈਜੀਟੇਰੀਅਨ ਗੰਨੇ ਦੀ ਖੰਡ
$8.98 bag
Indican Punjabi
Biscuits 2.2 lbs
ਇੰਡੀਕੇਨ ਪੰਜਾਬੀ ਬਿਸਕੁਟ
$4.99 pkg.
Indican Brown
Sugar 8 lbs
ਇੰਡੀਕੇਨ ਭੂਰੀ ਖੰਡ
$4.98 bag
KTC Pomace Olive Oil 3L
ਕੇ.ਟੀ.ਸੀ ਜੈਤੂਨ ਪੋਮੇਸ ਦਾ ਤੇਲ
$9.98 ea.
Britannia Punjabi
Biscuits 620 g
ਬ੍ਰਿਟੈਨੀਆ ਪੰਜਾਬੀ ਬਿਸਕੁਟ
$3.49 pkg.
Golden Temple
Flour 20 lbs
ਗੋਲਡਨ ਟੈਂਪਲ ਆਟਾ
$9.98 bag
Almonds
ਬਦਾਮ
$3.98 lb
Product images may differ from the actual product.
Fri Mar 19, 2021 - Wed Mar 24, 2021
We reserve the right to limit the quantities while they last
fruiticana
Head Office: 7676 Anvil Way, Surrey
604-502-0005
www.fruiticana.com
BUSINESS HOURS
9 AM - 8 PM
7 DAYS A WEEK
Newton 13783 72nd Ave. Surrey 604-590-2080
Newton 13174 64th Ave. Surrey 604-598-9220
Scott Road 12047 80th Ave. Surrey 604-591-5032
Scott Road 104-7028 120th St. 604-590-8864
Cedar Hills 12867 96th Ave. Surrey 604-588-6620
Fleetwood 101-15933 Fraser Hwy 604-593-5163
Surrey 12990 72nd Ave. 604-503-5510
Surrey 12788 76A Ave. Surrey 604-597-1676
Surrey 16788 64 Ave. 604-372-2023
Surrey 101-7228 192St. 604-575-3750
Abbotsford 2785 Bourquin Crescent W. 604-744-0328
Abbotsford 31205 Maclure Rd. 604-504-5877
Port Coquitlam 2807 Shaughnessy St. 604-464-0822
Vancouver 6257 Fraser St. 604-321-9931
Richmond 4101 No.5 Rd. 604-244-9520